WCAT Workers' Compensation Appeal Tribunal

# ਜ਼ਬਾਨੀ ਸੁਣਵਾਈ ਬਾਰੇ ਗਾਈਡ

# Oral Hearing Guide

WCAT Workers' Compensation Appeal Tribunal

## ਜ਼ਬਾਨੀ ਸੁਣਵਈ (ਓਰਲ ਹੀਅਰਿੰਗ) ਕੀ ਹੈ?

ਜੇ ਤੁਸੀਂ ਅਪੀਲਕਰਤਾ ਹੋ ਤਾਂ ਜ਼ਬਾਨੀ ਸੁਣਵਾਈ (ਓਰਲ ਹੀਅਰਿੰਗ) ਤੁਹਾਡੇ ਲਈ ਸਾਨੂੰ ਨਿੱਜੀ ਤੌਰ 'ਤੇ ਇਹ ਦੱਸਣ ਦਾ ਇਕ ਮੌਕਾ ਹੈ ਕਿ ਤੁਹਾਡੀ ਅਪੀਲ ਕਿਉਂ ਜਿੱਤੀ ਜਾਣੀ ਚਾਹੀਦੀ ਹੈ ਅਤੇ ਤੁਹਾਡੇ ਖਿਆਲ ਮੁਤਾਬਕ ਤੁਹਾਨੂੰ ਕਿਹੜੇ ਲਾਭ ਮਿਲਣੇ ਚਾਹੀਦੇ ਹਨ। ਜੇ ਤੁਸੀਂ ਉੱਤਰਦਾਇਕ ਹੋ ਤਾਂ ਤੁਹਾਡੇ ਲਈ ਸਾਨੂੰ ਨਿੱਜੀ ਤੌਰ 'ਤੇ ਇਹ ਦੱਸਣ ਦਾ ਇਕ ਮੌਕਾ ਹੈ ਕਿ ਅਪੀਲਕਰਤਾ ਦੀ ਅਪੀਲ ਕਿਉਂ ਨਹੀਂ ਜਿੱਤੀ ਜਾਣੀ ਚਾਹੀਦੀ। ਉੱਤਰਦਾਇਕ ਵਜੋਂ ਤੁਸੀਂ ਵੀ ਅਪੀਲਕਰਤਾ ਦੇ ਪੱਖ ਦੀ ਹਿਮਾਇਤ ਕਰ ਸਕਦੇ ਹੋ।

ਸੁਣਵਾਈ ਸਮੇਂ, ਤੁਹਾਨੂੰ ਨਵੀਂ ਜਾਣਕਾਰੀ ਜਾਂ ਸਬੂਤ ਵਾਈਸ ਚੇਅਰ ਨੂੰ ਦਿਖਾਉਣ ਦਾ ਮੌਕਾ ਮਿਲੇਗਾ, ਜਿਸ ਦੀ ਜ਼ਿੰਮੇਵਾਰੀ ਤੁਹਾਡੀ ਅਪੀਲ 'ਤੇ ਵਾਜਬ ਫੈਸਲਾ ਕਰਨਾ ਹੈ। ਜ਼ਬਾਨੀ ਸੁਣਵਾਈ, ਨਿੱਜੀ ਰੂਪ ਵਿਚ, ਫੋਨ 'ਤੇ, ਜਾਂ ਦੋਨਾਂ ਦੇ ਰਲਾਅ ਨਾਲ ਹੋ ਸਕਦੀ ਹੈ। ਉਦਾਹਰਣ ਲਈ, ਤੁਸੀਂ ਨਿੱਜੀ ਤੌਰ 'ਤੇ ਸ਼ਾਮਲ ਹੋ ਸਕਦੇ ਹੋ ਜਦ ਕਿ ਤੁਹਾਡਾ ਨੁਮਾਇੰਦਾ ਫੋਨ ਰਾਹੀਂ ਹਿੱਸਾ ਲੈ ਸਕਦਾ ਹੈ। ਜੇ ਅਪੀਲ ਦਾ ਕੋਈ ਉੱਤਰਦਾਇਕ ਹੋਵੇ ਤਾਂ ਅਪੀਲਕਰਤਾ ਉਹ ਨੁਕਤੇ ਸੁਣਨ ਅਤੇ ਉਨ੍ਹਾਂ ਦੇ ਉੱਤਰ ਦੇਣ ਦੇ ਯੋਗ ਹੋਵੇਗਾ ਜਿਹੜੇ ਅਪੀਲ ਦੇ ਸਬੰਧ ਵਿਚ ਉਹ ਵਾਈਸ ਚੇਅਰ ਨੂੰ ਦੱਸਦੇ ਹਨ।

ਅਸੀਂ ਅਪੀਲਾਂ ਲਈ ਜ਼ਬਾਨੀ ਸੁਣਵਾਈਆਂ ਉਦੋਂ ਕਰਦੇ ਹਾਂ ਜਦੋਂ ਭਰੋਸੇਯੋਗਤਾ ਦਾ ਮਾਮਲਾ ਹੋਵੇ, ਜਦੋਂ ਸਬੂਤ ਆਪਾ ਵਿਰੋਧੀ ਹੋਣ ਜਾਂ ਜਦੋਂ ਵਾਈਸ ਚੇਅਰ ਇਹ ਸੋਚੇ ਕਿ ਇਸ ਨਾਲ ਅਪੀਲ ਨੂੰ ਪੂਰੀ ਤਰ੍ਹਾਂ ਸਮਝਿਆ ਜਾ ਸਕੇਗਾ। ਜ਼ਬਾਨੀ ਸੁਣਵਾਈਆਂ ਉਦੋਂ ਵੀ ਕੀਤੀਆਂ ਜਾਂਦੀਆਂ ਹਨ ਜਦੋਂ ਅਪੀਲਕਰਤਾ ਲਈ ਲਿਖਤੀ ਅੰਗਰੇਜ਼ੀ ਵਿਚ ਸੌਖ ਨਾਲ ਗੱਲਬਾਤ ਕਰਨਾ ਚੁਣੌਤੀਆਂ ਭਰਪੂਰ ਹੁੰਦਾ ਹੈ।

ਡਬਲਯੂ ਸੀ ਏ ਟੀ ਕੋਲ ਅਪੀਲ ਕਿਉਂਕਿ ਤੁਹਾਡੇ ਲਈ ਅਪੀਲ ਦਾ ਆਖਰੀ ਮੌਕਾ ਹੈ, ਆਪਣੇ ਆਪ ਨੂੰ ਪੂਰੀ ਤਰ੍ਹਾਂ ਤਿਆਰ ਕਰਨਾ ਇਕ ਚੰਗੀ ਗੱਲ ਹੈ। ਇਹ ਗਾਈਡ ਤੁਹਾਨੂੰ ਦੱਸਦੀ ਹੈ ਕਿ ਅਜਿਹਾ ਕਿਵੇਂ ਕਰਨਾ ਹੈ।

***ਨੋਟ: ਅਸੀਂ ਕਿਸੇ ਵੀ ਉਸ ਮਸਲੇ ਜਾਂ ਸਵਾਲ ਬਾਰੇ ਫੈਸਲਾ ਨਹੀਂ ਕਰ ਸਕਦੇ ਜਿਹੜਾ ਵਰਕਸੇਫ ਬੀ ਸੀ ਜਾਂ ਰਿਵੀਊ ਡਿਵੀਜ਼ਨ ਦੇ ਫੈਸਲੇ ਵਿਚ ਸ਼ਾਮਲ ਨਹੀਂ ਸੀ। ਜੇ ਤੁਸੀਂ ਕਿਸੇ ਨਵੀਂ ਚੀਜ਼ ਬਾਰੇ ਫੈਸਲਾ ਚਾਹੁੰਦੇ ਹੋ ਤਾਂ ਤੁਹਾਨੂੰ ਇਸ ਲਈ ਵਰਕਸੇਫ ਬੀ ਸੀ ਨੂੰ ਕਹਿਣਾ ਪਵੇਗਾ।***

## ਜ਼ਬਾਨੀ ਸੁਣਵਾਈ ਬਾਰੇ 10 ਸਵਾਲ

### 1. *ਮੈਨੂੰ ਸੁਣਵਾਈ ਲਈ ਕਿੰਨਾ ਲੰਮਾ ਸਮਾਂ ਤਿਆਰੀ ਕਰਨ ਦੀ ਲੋੜ ਹੈ?*

ਤੁਹਾਡੀ ਸੁਣਵਾਈ ਦੀ ਤਾਰੀਖ ਦਾ ਅਸੀਂ ਤੁਹਾਨੂੰ ਘੱਟੋ ਘੱਟ ਚਾਰ ਹਫਤਿਆਂ ਦਾ ਨੋਟਿਸ ਦਿਆਂਗੇ। ਤੁਹਾਨੂੰ ਹੁਣ ਆਪਣੀ ਜਾਣਕਾਰੀ ਅਤੇ ਸਬੂਤ ਇਕੱਠੇ ਕਰਨੇ ਸ਼ੁਰੂ ਕਰ ਦੇਣੇ ਚਾਹੀਦੇ ਹਨ ਕਿਉਂਕਿ ਇਹ ਲੈਣ ਲਈ ਕੁਝ ਸਮਾਂ ਲੱਗ ਸਕਦਾ ਹੈ, ਖਾਸ ਕਰਕੇ ਡਾਕਟਰੀ ਸਬੂਤ।

### 2. *ਕੀ ਮੈਂ ਸੁਣਵਾਈ ਲਈ ਤੁਹਾਡੇ ਵਲੋਂ ਮਿੱਥੀ ਗਈ ਤਾਰੀਖ ਬਦਲ ਸਕਦਾ/ਸਕਦੀ ਹਾਂ?*

ਤੁਹਾਡੇ ਕੋਲ ਸੁਣਵਾਈ ਦੀ ਚਿੱਠੀ ਦੇ ਨੋਟਿਸ ਤੋਂ ਬਾਅਦ ਸੁਣਵਾਈ ਦੀ ਤਾਰੀਖ ਬਦਲਣ ਲਈ 14 ਦਿਨ ਹੁੰਦੇ ਹਨ। ਇਸ ਤੋਂ ਬਾਅਦ, ਸੁਣਵਾਈਆਂ ਦੀਆਂ ਤਾਰੀਖਾਂ ਅਸੀਂ ਸਿਰਫ ਵਿਸ਼ੇਸ਼ ਹਾਲਤਾਂ ਵਿਚ ਹੀ ਬਦਲਦੇ ਹਾਂ, ਜਿਵੇਂ ਕਿ ਕੋਈ ਨਿੱਜੀ ਐਮਰਜੰਸੀ ਕਾਰਨ। ਜੇ ਤੁਹਾਨੂੰ ਇਨ੍ਹਾਂ ਹਾਲਤਾਂ ਵਿਚ ਤਾਰੀਖ ਬਦਲਣ ਲਈ ਬੇਨਤੀ ਕਰਨ ਦੀ ਲੋੜ ਹੈ ਤਾਂ ਕਿਰਪਾ ਕਰਕੇ ਇਹ ਪੱਕਾ ਕਰੋ ਕਿ ਸਾਨੂੰ ਤੁਹਾਡੀ ਬੇਨਤੀ ਦੀ ਹਿਮਾਇਤ ਕਰਨ ਵਾਲੇ ਸਾਰੇ ਪੇਪਰ ਮਿਲ ਜਾਣ ਜਿਵੇਂ ਕਿ ਤੁਹਾਡੇ ਡਾਕਟਰ ਤੋਂ ਚਿੱਠੀ। ਛੁੱਟੀਆਂ 'ਤੇ ਜਾਣਾ ਜਾਂ ਸਬੂਤ ਇਕੱਠੇ ਕਰਨ ਲਈ ਹੋਰ ਸਮੇਂ ਦੀ ਲੋੜ ਵਿਸ਼ੇਸ਼ ਹਾਲਤਾਂ ਨਹੀਂ ਹਨ।

### 3. *ਸੁਣਵਾਈ ਕਿੱਥੇ ਹੁੰਦੀ ਹੈ?*

ਅਸੀਂ ਸੂਬੇ ਭਰ ਵਿਚ ਬਹੁਤ ਸਾਰੇ ਸ਼ਹਿਰਾਂ ਵਿਚ ਸੁਣਵਾਈਆਂ ਕਰਦੇ ਹਾਂ।

### 4. *ਸੁਣਵਾਈ ਨੂੰ ਕਿੰਨਾ ਸਮਾਂ ਲੱਗੇਗਾ?*

ਜ਼ਬਾਨੀ ਸੁਣਵਾਈ ਆਮ ਤੌਰ 'ਤੇ ਇਕ ਘੰਟੇ ਦੀ ਹੁੰਦੀ ਹੈ। ਜੇ ਤੁਸੀਂ ਇਹ ਜਾਣਦੇ ਹੋਵੋ ਕਿ ਤੁਹਾਨੂੰ ਜ਼ਿਆਦਾ ਸਮੇਂ ਦੀ ਲੋੜ ਪਵੇਗੀ ਤਾਂ ਕਿਰਪਾ ਕਰਕੇ ਸਾਨੂੰ ਛੇਤੀ ਤੋਂ ਛੇਤੀ ਦੱਸੋ। ਨਹੀਂ ਤਾਂ ਜੇ ਸੁਣਵਾਈ ਨੂੰ ਸਾਡੇ ਵਲੋਂ ਮਿੱਥੇ ਗਏ ਸਮੇਂ ਨਾਲੋਂ ਜ਼ਿਆਦਾ ਸਮੇਂ ਦੀ ਲੋੜ ਹੋਵੇ ਤਾਂ ਵਾਈਸ ਚੇਅਰ ਨੂੰ ਇਹ ਬਾਅਦ ਵਿਚ ਕਿਸੇ ਹੋਰ ਦਿਨ ਜਾਰੀ ਰੱਖਣੀ ਪਵੇਗੀ।

## 5. ਮੇਰੀ ਸੁਣਵਾਈ ਵਿਚ ਕੌਣ ਹਾਜ਼ਰ ਹੋਵੇਗਾ?

ਅਪੀਲਕਰਤਾ ਅਤੇ ਉਸ ਦੇ ਨੁਮਾਇੰਦੇ, ਅਤੇ ਹਿੱਸਾ ਲੈ ਰਹੇ ਕਿਸੇ ਵੀ ਉੱਤਰਦਾਇਕ ਅਤੇ ਉਨ੍ਹਾਂ ਦੇ ਨੁਮਾਇੰਦੇ ਨੂੰ ਸੁਣਵਾਈ ਦੌਰਾਨ ਵਾਈਸ ਚੇਅਰ ਨਾਲ ਗੱਲ ਕਰਨ ਦਾ ਹੱਕ ਹੈ। ਅਪੀਲਕਰਤਾ ਅਤੇ ਉੱਤਰਦਾਇਕ ਦੋਨੋਂ ਸੁਣਵਾਈ ਵਿਚ ਗਵਾਹੀ ਦੇਣ ਲਈ ਗਵਾਹ ਲਿਆ ਸਕਦੇ ਹਨ। ਤੁਸੀਂ ਜਿਹੜੇ ਗਵਾਹ ਲਿਆ ਰਹੇ ਹੋ, ਕਿਰਪਾ ਕਰਕੇ ਉਨ੍ਹਾਂ ਦੇ ਨਾਂ ਅਤੇ ਐਡਰੈਸ ਸੁਣਵਾਈ ਤੋਂ ਘੱਟੋ ਘੱਟ **21 ਦਿਨ** ਪਹਿਲਾਂ ਸਾਨੂੰ ਭੇਜ ਦਿਉ।

ਤੁਸੀਂ ਸੁਣਵਾਈ ਵਿਚ ਦਰਸ਼ਕ ਵਜੋਂ ਗੱਲਬਾਤ ਸੁਣਨ ਲਈ ਆਪਣੇ ਨਾਲ ਕੋਈ ਦੋਸਤ ਜਾਂ ਰਿਸ਼ਤੇਦਾਰ ਲਿਆ ਸਕਦੇ ਹੋ ਪਰ ਜੇ ਉਹ ਗਵਾਹ ਨਹੀਂ ਹਨ ਤਾਂ ਉਹ ਬੋਲ ਨਹੀਂ ਸਕਦੇ। ਪਰ, ਅਸੀਂ ਸੁਣਵਾਈਆਂ ਵਿਚ ਬੱਚੇ ਲਿਆਉਣ ਦੀ ਆਗਿਆ ਨਹੀਂ ਦਿੰਦੇ ਅਤੇ ਸਾਡੇ ਕੋਲ ਬੱਚਿਆਂ ਦੀ ਸੰਭਾਲ ਲਈ ਸਹੂਲਤਾਂ ਨਹੀਂ ਹਨ।

ਕੁਝ ਸੁਣਵਾਈਆਂ ਵਿਚ, ਸਕਿਉਰਟੀ ਵਾਲਾ ਹਾਜ਼ਰ ਹੋ ਸਕਦਾ ਹੈ। ਜੇ ਸਕਿਉਰਟੀ ਬਾਰੇ ਤੁਹਾਨੂੰ ਕੋਈ ਫਿਕਰ ਹੈ ਤਾਂ ਕਿਰਪਾ ਕਰਕੇ ਸੁਣਵਾਈ ਤੋਂ ਪਹਿਲਾਂ ਸਾਡੇ ਸਕੈਜੂਲਿੰਗ ਡਿਪਾਰਟਮੈਂਟ ਨਾਲ ਸੰਪਰਕ ਕਰੋ।

## 6. ਕੀ ਮੈਨੂੰ ਸੁਣਵਾਈ ਵਿਚ ਸ਼ਾਮਲ ਹੋਣ ਦੀ ਲੋੜ ਹੈ?

ਸੁਣਵਾਈ ਆਮ ਤੌਰ ’ਤੇ ਅਪੀਲਕਰਤਾ ਬਿਨਾਂ ਅਗਾਂਹ ਨਹੀਂ ਚੱਲੇਗੀ। ਇਹ ਤੁਹਾਨੂੰ ਸੁਣੇ ਜਾਣ ਦਾ ਮੌਕਾ ਹੈ।

ਜੇ ਅਪੀਲਕਰਤਾ ਸੁਣਵਾਈ ਵਿਚ ਨਹੀਂ ਆਉਂਦਾ ਤਾਂ ਅਸੀਂ ਅਪੀਲ ਰੱਦ ਕਰ ਸਕਦੇ ਹਾਂ। ਅਸੀਂ ਅਪੀਲਕਰਤਾ ਨੂੰ ਇਕ ਚਿੱਠੀ ਭੇਜਾਂਗੇ ਜਿਸ ਵਿਚ ਨਾ ਆਉਣ ਦਾ ਸਾਨੂੰ ਲਿਖਤੀ ਕਾਰਨ ਦੱਸਣ ਲਈ **14 ਦਿਨ** ਦਿੱਤੇ ਗਏ ਹੋਣਗੇ। ਵਾਈਸ ਚੇਅਰ ਫਿਰ ਇਹ ਫੈਸਲਾ ਕਰੇਗਾ ਕਿ ਕੀ ਸਪਸ਼ਟੀਕਰਨ ਢੁਕਵਾਂ ਹੈ ਜਾਂ ਨਹੀਂ। ਜੇ ਢੁਕਵਾਂ ਹੋਵੇ ਤਾਂ ਵਾਈਸ ਚੇਅਰ ਸੁਣਵਾਈ ਦੀ ਨਵੀਂ ਤਾਰੀਖ ਮਿੱਥ ਸਕਦਾ ਹੈ ਜਾਂ ਇਸ ਨੂੰ ਲਿਖਤੀ ਦਲੀਲਾਂ ਵਾਲੀ ਅਪੀਲ ਵਿਚ ਬਦਲ ਸਕਦਾ ਹੈ।

ਜੇ ਅਪੀਲਕਰਤਾ **14 ਦਿਨਾਂ** ਦੇ ਵਿਚ ਵਿਚ ਸਾਨੂੰ ਲਿਖਤੀ ਸਪਸ਼ਟੀਕਰਨ ਨਹੀਂ ਭੇਜਦਾ ਤਾਂ ਵਾਈਸ ਚੇਅਰ ਆਮ ਤੌਰ ’ਤੇ ਅਪੀਲ ਨੂੰ ਰੱਦ ਕਰ ਦਿੰਦਾ ਹੈ।

## 7. ਕੀ ਉੱਤਰਦਾਇਕ ਨੂੰ ਸੁਣਵਾਈ ਵਿਚ ਸ਼ਾਮਲ ਹੋਣ ਦੀ ਲੋੜ ਹੈ?

ਹਿੱਸਾ ਲੈ ਰਿਹਾ ਕੋਈ ਉੱਤਰਦਾਇਕ ਸੁਣਵਾਈ ਵਿਚ ਨਾ ਸ਼ਾਮਲ ਹੋਣ ਦੀ ਚੋਣ ਕਰ ਸਕਦਾ ਹੈ। ਫਿਰ ਵੀ ਜੇ ਉਹ ਚਾਹਵੇ ਤਾਂ ਸੁਣਵਾਈ ਤੋਂ ਪਹਿਲਾਂ ਉਹ ਲਿਖਤੀ ਦਲੀਲਾਂ ਭੇਜਣ ਦੀ ਚੋਣ ਕਰ ਸਕਦਾ ਹੈ।

ਜਿਹੜਾ ਉੱਤਰਦਾਇਕ ਸੁਣਵਾਈ ਵਿਚ ਹਾਜ਼ਰ ਨਹੀਂ ਹੁੰਦਾ, ਉਸ ਨੂੰ ਸੁਣਵਾਈ ਵਿਚ ਦਰਜ ਕਰਵਾਏ ਗਏ ਕਿਸੇ ਵੀ ਸਬੂਤ ਨੂੰ ਪ੍ਰਾਪਤ ਕਰਨ ਦਾ ਹੱਕ ਨਹੀਂ ਹੈ। ਉਨ੍ਹਾਂ ਨੂੰ ਅਪੀਲ ਵਿਚ ਅਗਾਂਹ ਹਿੱਸਾ ਲੈਣ ਦਾ ਹੱਕ ਨਹੀਂ ਹੋਵੇਗਾ।

## 8. ਕੀ ਮੈਂ ਦੋਭਾਸ਼ੀਏ ਦੀ ਵਰਤੋਂ ਕਰ ਸਕਦਾ/ਸਕਦੀ ਹਾਂ?

ਹਾਂ, ਤੁਸੀਂ *ਨੋਟਿਸ ਆਫ ਅਪੀਲ* ਫਾਰਮ ਜਾਂ ਚਿੱਠੀ ਵਿਚ, ਜਾਂ *ਨੋਟਿਸ ਆਫ ਪਾਰਟੀਸੀਪੇਸ਼ਨ* ਫਾਰਮ ਵਿਚ ਦੋਭਾਸ਼ੀਏ ਦੀ ਮੰਗ ਕਰ ਸਕਦੇ ਹੋ, ਜਾਂ ਸੁਣਵਾਈ ਤੋਂ ਘੱਟੋ ਘੱਟ ਦੋ ਹਫਤੇ ਪਹਿਲਾਂ ਸਕੈਜੂਲਿੰਗ ਡਿਪਾਰਟਮੈਂਟ ਨਾਲ ਸੰਪਰਕ ਕਰਕੇ ਇਹ ਮੰਗ ਕਰ ਸਕਦੇ ਹੋ। ਅਸੀਂ ਤੁਹਾਨੂੰ ਦੋਭਾਸ਼ੀਏ ਦੇਵਾਂਗੇ ਜਿਸ ਦਾ ਤੁਹਾਨੂੰ ਕੋਈ ਖਰਚਾ ਨਹੀਂ ਦੇਣਾ ਪਵੇਗਾ।

ਤੁਸੀਂ ਕਿਸੇ ਦੋਸਤ ਜਾਂ ਰਿਸ਼ਤੇਦਾਰ ਨੂੰ ਦੋਭਾਸ਼ੀਏ ਦੇ ਤੌਰ ’ਤੇ ਨਹੀਂ ਵਰਤ ਸਕਦੇ। ਜੇ ਵਾਈਸ ਚੇਅਰ ਨੂੰ ਇਹ ਲੱਗੇ ਕਿ ਦੋਭਾਸ਼ੀਆ ਦੇਣ ਦੀ ਲੋੜ ਹੈ ਤਾਂ ਸੁਣਵਾਈ ਦੀ ਨਵੀਂ ਤਾਰੀਖ ਮਿੱਥੀ ਜਾ ਸਕਦੀ ਹੈ।

## 9. ਕੀ ਮੈਨੂੰ ਸੁਣਵਾਈ ਵਿਚ ਕਿਸੇ ਮਾਹਰ, ਜਿਵੇਂ ਕਿ ਕੋਈ ਡਾਕਟਰ ਨੂੰ ਲਿਆਉਣ ਦੀ ਲੋੜ ਹੈ?

ਨਹੀਂ। ਵਾਈਸ ਚੇਅਰ ਕਿਸੇ ਮਾਹਰ ਦੀ ਲਿਖਤੀ ਰਿਪੋਰਟ ਨੂੰ ਪ੍ਰਵਾਨ ਕਰੇਗਾ। ਕਿਰਪਾ ਕਰਕੇ ਸਾਨੂੰ ਆਪਣੇ ਮਾਹਰ ਦੀ ਲਿਖਤੀ ਰਿਪੋਰਟ ਸੁਣਵਾਈ ਤੋਂ ਘੱਟੋ ਘੱਟ *21 ਦਿਨ* ਪਹਿਲਾਂ ਭੇਜ ਦਿਉ।

## 10. ਜੇ ਮੈਂ ਸੁਣਵਾਈ ਲਈ ਲੇਟ ਹੋ ਜਾਵਾਂ ਤਾਂ ਕੀ ਹੁੰਦਾ ਹੈ?

ਵਾਈਸ ਚੇਅਰ 15 ਮਿੰਟਾਂ ਲਈ ਅਪੀਲਕਰਤਾ ਦੀ ਉਡੀਕ ਕਰੇਗਾ। ਜੇ ਅਪੀਲਕਰਤਾ ਲੇਟ ਹੋਵੇ ਤਾਂ ਵਾਈਸ ਚੇਅਰ ਅਪੀਲ ਰੱਦ ਕਰ ਸਕਦਾ ਹੈ, ਸੁਣਵਾਈ ਦੀ ਨਵੀਂ ਤਾਰੀਖ ਮਿੱਥ ਸਕਦਾ ਹੈ ਜਾਂ ਅਪੀਲ ਦਾ ਤਰੀਕਾ ਬਦਲ ਕੇ ਲਿਖਤੀ ਦਲੀਲਾਂ ਦਾ ਕਰ ਸਕਦਾ ਹੈ।

ਵਾਈਸ ਚੇਅਰ, ਸੁਣਵਾਈ ਸ਼ੁਰੂ ਕਰਨ ਤੋਂ ਪਹਿਲਾਂ ਹਿੱਸਾ ਲੈ ਰਹੇ ਉੱਤਰਦਾਇਕ ਲਈ 5 ਮਿੰਟ ਉਡੀਕ ਕਰੇਗਾ। ਲੇਟ ਆਉਣ ਵਾਲੇ ਉੱਤਰਦਾਇਕ ਨੂੰ ਹਿੱਸਾ ਲੈ ਲੈਣ ਦਿੱਤਾ ਜਾਵੇਗਾ ਪਰ ਵਾਈਸ ਚੇਅਰ ਉੱਤਰਦਾਇਕ ਦੇ ਹਿੱਸਾ ਲੈਣ ਨੂੰ ਸੀਮਤ ਕਰ ਸਕਦਾ ਹੈ।

## ਵਾਈਸ ਚੇਅਰ ਸੁਣਵਾਈ ਲਈ ਤਿਆਰੀ ਕਿਵੇਂ ਕਰੇਗਾ

ਵਾਈਸ ਚੇਅਰ ਸੁਣਵਾਈ ਤੋਂ ਪਹਿਲਾਂ ਵਰਕਸੇਫ ਬੀ ਸੀ ਦੀ ਫਾਇਲ ਪੜ੍ਹੇਗਾ। ਵਾਈਸ ਚੇਅਰ, ਕੇਸ ’ਤੇ ਲਾਗੂ ਹੋਣ ਵਾਲੀਆਂ ਵਰਕਸੇਫ ਬੀ ਸੀ ਦੀਆਂ ਪਾਲਸੀਆਂ, ਅਜਿਹੇ ਮਸਲਿਆਂ ਬਾਰੇ ਡਬਲਯੂ ਸੀ ਏ ਟੀ ਦੇ ਹੋਰ ਫੈਸਲਿਆਂ, ਅਤੇ ਡਬਲਯੂ ਸੀ ਏ ਟੀ ਦੇ ਨਿਯਮਾਂ, ਪ੍ਰੈਕਟਿਸਾਂ ਅਤੇ ਕਾਰਵਾਈਆਂ ਬਾਰੇ ਜਾਣਦਾ ਹੋਵੇਗਾ। ਸੁਣਵਾਈ ਲਈ ਤਿਆਰ ਹੋਣ ਲਈ ਜੇ ਤੁਸੀਂ ਹੋਰ ਜਾਣਨਾ ਚਾਹੁੰਦੇ ਹੋ ਤਾਂ ਤੁਸੀਂ ਇਹ ਕੁਝ ਹੋਰ ਚੀਜ਼ਾਂ ਕਰ ਸਕਦੇ ਹੋ।

## ਸੁਣਵਾਈ ਲਈ ਤਿਆਰ ਹੋਣ ਲਈ ਅਸੀਂ ਤੁਹਾਨੂੰ ਕੀ ਸੁਝਾਅ ਦਿੰਦੇ ਹਾਂ

### *ਫਾਇਲ ਨੂੰ ਪੜ੍ਹੋ*

ਤੁਹਾਨੂੰ ਪਹਿਲਾਂ ਵਰਕਸੇਫ ਬੀ ਸੀ ਦੀ ਫਾਇਲ ਵਿਚਲੀ ਸਾਰੀ ਸਾਮੱਗਰੀ ਪੜ੍ਹਨੀ ਚਾਹੀਦੀ ਹੈ। ਫਿਰ ਤੁਹਾਨੂੰ ਇਹ ਪਤਾ ਲੱਗੇਗਾ ਕਿ ਅਪੀਲ ਵਾਲਾ ਫੈਸਲਾ ਕਰਨ ਲਈ ਵਰਕਸੇਫ ਬੀ ਸੀ ਜਾਂ ਰਿਵੀਊ ਡਿਵੀਜ਼ਨ ਨੇ ਕਿਹੜੇ ਸਬੂਤਾਂ ਅਤੇ ਨੀਤੀਆਂ ਉੱਪਰ ਨਿਰਭਰ ਕੀਤਾ ਹੈ। ਫਿਰ ਤੁਸੀਂ ਇਹ ਫੈਸਲਾ ਕਰ ਸਕਦੇ ਹੋ ਕਿ ਤੁਸੀਂ ਜ਼ਬਾਨੀ ਸੁਣਵਾਈ ਵਿਚ ਉਹ ਕਿਹੜੇ ਨਵੇਂ ਸਬੂਤ ਦੇਣੇ ਹਨ ਜਿਹੜੇ ਤੁਸੀਂ ਪਹਿਲੇ ਪੜਾ ’ਤੇ ਨਹੀਂ ਦਿੱਤੇ ਸਨ।

### *ਆਪਣੇ ਸਬੂਤ ਇਕੱਠੇ ਕਰੋ*

ਅਸੀਂ ਪੇਪਰਾਂ ਦਾ ਅਨੁਵਾਦ ਨਹੀਂ ਕਰਦੇ। ਜੇ ਤੁਹਾਡੇ ਵਲੋਂ ਇਕੱਠੇ ਕੀਤੇ ਗਏ ਸਬੂਤ ਅੰਗਰੇਜ਼ੀ ਵਿਚ ਨਹੀਂ ਹਨ ਤਾਂ ਕਿਰਪਾ ਕਰਕੇ ਇਨ੍ਹਾਂ ਨੂੰ ਭੇਜਣ ਤੋਂ ਪਹਿਲਾਂ ਇਨ੍ਹਾਂ ਦਾ ਅਨੁਵਾਦ ਕਰਵਾ ਕੇ ਇਨ੍ਹਾਂ ਨੂੰ ਅਨੁਵਾਦਕ ਦੇ ਦਸਤਖਤਾਂ ਵਾਲੀ ਡੈਕਲਾਰੇਸ਼ਨ ਨਾਲ ਭੇਜੋ। ਤੁਸੀਂ ਕਿਸੇ ਦੋਸਤ ਜਾਂ ਰਿਸ਼ਤੇਦਾਰ ਨੂੰ ਅਨੁਵਾਦਕ ਦੇ ਤੌਰ ’ਤੇ ਨਹੀਂ ਵਰਤ ਸਕਦੇ। ਜੇ ਤੁਹਾਨੂੰ ਅਨੁਵਾਦ ਦਾ ਖਰਚਾ ਦੇਣਾ ਪੈਣਾ ਹੈ ਤਾਂ ਤੁਸੀਂ ਸਾਨੂੰ ਵਰਕਸੇਫ ਬੀ ਸੀ ਨੂੰ ਇਹ ਆਰਡਰ ਕਰਨ ਲਈ ਕਹਿ ਸਕਦੇ ਹੋ ਕਿ ਉਹ ਤੁਹਾਨੂੰ ਇਹ ਪੈਸੇ ਵਾਪਸ ਦੇਣ। ਅਪੀਲ ਦੇ ਖਰਚਿਆਂ ਬਾਰੇ ਹੋਰ ਜਾਣਕਾਰੀ ਲਈ, ਇਸ ਗਾਈਡ ਦੇ ਸਫਾ 12 ’ਤੇ *ਅਪੀਲ ਦੇ ਕਿਹੜੇ ਖਰਚੇ ਦੇਣ ਲਈ ਡਬਲਯੂ ਸੀ ਏ ਟੀ, ਵਰਕਸੇਫ ਬੀ ਸੀ ਨੂੰ ਆਰਡਰ ਕਰੇਗਾ?* ਦੇਖੋ।

ਤੁਹਾਡੇ ਸਬੂਤਾਂ ਵਿਚ ਗਵਾਹਾਂ ਦੇ ਬਿਆਨ, ਡਾਕਟਰੀ ਰਿਪੋਰਟਾਂ, ਵਿੱਤੀ ਰਿਕਾਰਡ, ਜਾਂ ਮਾਹਰਾਂ ਦੀ ਰਾਇ ਸ਼ਾਮਲ ਹੋ ਸਕਦੇ ਹਨ। ਇਸ ਵਿਚ ਫੋਟੋਆਂ, ਵੀਡਿਓਟੇਪਾਂ ਅਤੇ ਡਿਜ਼ੀਟਲ ਰਿਕਾਰਡਿੰਗਾਂ ਵੀ ਸ਼ਾਮਲ ਹੋ ਸਕਦੀਆਂ ਹਨ। ਜੇ ਤੁਸੀਂ ਫੋਟੋਆਂ ਲਿਆਉਣੀਆਂ ਹਨ ਤਾਂ ਇਨ੍ਹਾਂ ਦੇ ਪਿਛਲੇ ਪਾਸੇ ਇਹ ਲਿਖੋ ਕਿ ਇਹ ਕੀ ਦਿਖਾਉਂਦੀਆਂ ਹਨ।

ਡਾਕਟਰੀ ਸਬੂਤ ਹਾਸਲ ਕਰਨ ਬਾਰੇ ਜ਼ਿਆਦਾ ਜਾਣਕਾਰੀ ਲਈ, ਸਾਡੇ ਵੈੱਬਸਾਈਟ ’ਤੇ ਡਬਲਯੂ ਸੀ ਏ ਟੀ ਦੀ ਡਾਕਟਰੀ ਸਬੂਤਾਂ ਬਾਰੇ ਗਾਈਡ ਦੇਖੋ। ਤੁਸੀਂ ਸਾਨੂੰ ਫੋਨ ਕਰਕੇ ਵੀ ਇਹ ਗਾਈਡ ਮੰਗਵਾ ਸਕਦੇ ਹੋ।

### *ਆਪਣੇ ਨਵੇਂ ਸਬੂਤ ਸਾਨੂੰ ਸੁਣਵਾਈ ਤੋਂ 21 ਦਿਨ ਪਹਿਲਾਂ ਦਿਉ*

ਇਹ ਜ਼ਰੂਰੀ ਹੈ ਕਿ ਤੁਹਾਡੇ ਸਾਰੇ ਨਵੇਂ ਲਿਖਤੀ ਸਬੂਤ, ਸਾਨੂੰ ਜ਼ਬਾਨੀ ਸੁਣਵਾਈ ਤੋਂ ਘੱਟੋ ਘੱਟ **21 ਦਿਨ** ਪਹਿਲਾਂ ਮਿਲ ਜਾਣ ਜਿਸ ਵਿਚ ਮਾਹਰਾਂ ਦੀਆਂ ਲਿਖਤੀ ਰਿਪੋਰਟਾਂ ਵੀ ਸ਼ਾਮਲ ਹਨ। ਇਸ ਨਾਲ ਸਾਨੂੰ ਇਹ ਹਿੱਸਾ ਲੈ ਰਹੀਆਂ ਦੂਜੀਆਂ ਧਿਰਾਂ ਨੂੰ ਭੇਜਣ ਦਾ ਸਮਾਂ ਮਿਲਦਾ ਹੈ। ਕਿਸੇ ਮਾਹਰ ਤੋਂ ਰਾਇ ਮੰਗਦੀ ਆਪਣੀ ਚਿੱਠੀ ਅਤੇ ਉਸ ਰਾਇ ਦਾ ਬਿੱਲ ਨਾਲ ਭੇਜੋ। ਅਸੀਂ ਤੁਹਾਡੇ ਸਾਰੇ ਨਵੇਂ ਲਿਖਤੀ ਸਬੂਤਾਂ ਦੀਆਂ ਅਸਲੀ ਕਾਪੀਆਂ ਰੱਖਾਂਗੇ।

ਜੇ ਤੁਹਾਡੇ ਮਾਹਰ ਦੀ ਰਾਇ ਤੁਹਾਡੇ ਕੋਲ ਸਮੇਂ ਸਿਰ ਨਾ ਹੋਈ ਤਾਂ ਅਸੀਂ ਤੁਹਾਡੀ ਸੁਣਵਾਈ ਦੀ ਤਾਰੀਖ ਨਹੀਂ ਬਦਲਾਂਗੇ। ਸੁਣਵਾਈ ਵਿਖੇ ਤੁਸੀਂ ਵਾਈਸ ਚੇਅਰ ਨੂੰ ਇਹ ਆਖ ਸਕਦੇ ਹੋ ਕਿ ਉਹ ਅਪੀਲ ਬਾਰੇ ਫੈਸਲਾ ਕਰਨ ਤੋਂ ਪਹਿਲਾਂ ਇਸ ਦੀ ਉਡੀਕ ਕਰੇ। ਸੁਣਵਾਈ ਫਿਰ ਵੀ ਬਾਕੀ ਸਾਰੇ ਸਬੂਤਾਂ ਨਾਲ ਅੱਗੇ ਵਧੇਗੀ।

ਜੇ ਤੁਸੀਂ ਗਵਾਹ ਲਿਆ ਰਹੇ ਹੋ ਤਾਂ ਸਾਨੂੰ ਉਨ੍ਹਾਂ ਦੇ ਨਾਂ ਅਤੇ ਐਡਰੈਸ ਸੁਣਵਾਈ ਤੋਂ ਘੱਟੋ ਘੱਟ **21 ਦਿਨ** ਪਹਿਲਾਂ ਭੇਜ ਦਿਉ। ਇਸ ਨਾਲ ਸੁਣਵਾਈ ਲਈ ਲੋੜੀਂਦਾ ਸਮਾਂ ਰੱਖਣਾ ਪੱਕਾ ਹੁੰਦਾ ਹੈ।

## ਮਹੱਤਵਪੂਰਨ ਸਾਮੱਗਰੀ ਸੁਣਵਾਈ ਵਿਚ ਲੈ ਕੇ ਆਉ

ਵਰਕਸੇਫ ਬੀ ਸੀ ਦੀ ਫਾਇਲ ਦੇ ਉਹ ਪੇਪਰ ਲੈ ਕੇ ਆਉ ਜਿਨ੍ਹਾਂ ਦਾ ਤੁਸੀਂ ਸੁਣਵਾਈ ਵਿਖੇ ਹਵਾਲਾ ਦੇਣਾ ਚਾਹੁੰਦੇ ਹੋ। ਇਸ ਦੇ ਨਾਲ ਹੀ, ਉਨ੍ਹਾਂ ਸਾਰੇ ਨਵੇਂ ਲਿਖਤੀ ਸਬੂਤਾਂ ਦੀਆਂ ਅਸਲੀ ਅਤੇ ਦੋ ਕਾਪੀਆਂ ਲੈ ਕੇ ਆਉ ਜਿਹੜੇ ਤੁਸੀਂ ਸਾਨੂੰ ਪਹਿਲਾਂ ਨਹੀਂ ਭੇਜੇ। ਤੁਹਾਨੂੰ ਵਰਕਸੇਫ ਬੀ ਸੀ ਦੀ ਪੂਰੀ ਫਾਇਲ ਲਿਆਉਣ ਦੀ ਲੋੜ ਨਹੀਂ ਹੈ ਕਿਉਂਕਿ ਵਾਈਸ ਚੇਅਰ ਕੋਲ ਕਾਪੀ ਹੋਵੇਗੀ ਅਤੇ ਉਸ ਨੇ ਪਹਿਲਾਂ ਹੀ ਇਹ ਪੜ੍ਹ ਲਈ ਹੋਵੇਗੀ।

ਸੁਣਵਾਈ ਵਾਲੇ ਕਮਰੇ ਵਿਚ ਵਾਈਸ ਚੇਅਰ ਕੋਲ, *ਵਰਕਰਜ਼ ਕੰਪਨਸੇਸ਼ਨ ਐਕਟ* ਅਤੇ ਵਰਕਸੇਫ ਬੀ ਸੀ ਦੀ ਪਾਲਸੀ ਦੇ ਢੁਕਵੇਂ ਹਿੱਸਿਆਂ ਦੀਆਂ ਕਾਪੀਆਂ ਹੋਣਗੀਆਂ। ਜੇ ਤੁਸੀਂ ਕੋਈ ਖਾਸ ਪੇਪਰਾਂ ਜਾਂ ਪਾਲਸੀਆਂ ਦਾ ਹਵਾਲਾ ਦੇਣਾ ਚਾਹੁੰਦੇ ਹੋਵੋ ਤਾਂ ਤੁਸੀਂ ਇਨ੍ਹਾਂ ਦੀਆਂ ਕਾਪੀਆਂ ਆਪਣੇ ਨਾਲ ਲਿਆ ਸਕਦੇ ਹੋ। ਇਨ੍ਹਾਂ ਉੱਪਰ ਕਿਸੇ ਤਰ੍ਹਾਂ ਦੀ ਨਿਸ਼ਾਨੀ ਲਾਉਣਾ ਚੰਗੀ ਗੱਲ ਹੈ ਤਾਂ ਜੋ ਤੁਸੀਂ ਇਹ ਛੇਤੀ ਨਾਲ ਲੱਭ ਸਕੋ।

ਕੋਈ ਢੁਕਵੀਂ ਵੀਡਿਓ ਜਾਂ ਆਡਿਓ ਸਬੂਤ ਜਾਂ ਕੰਮ ਦੇ ਸੰਦ ਲੈ ਕੇ ਆਉ ਜਿਹੜੇ ਤੁਸੀਂ ਕੰਮ 'ਤੇ ਹਿਲਜੁੱਲ ਦੇ ਢੰਗ (ਵਰਕਪਲੇਸ ਮੋਸ਼ਨਜ਼) ਦਿਖਾਉਣ ਲਈ ਵਰਤਣਾ ਚਾਹੁੰਦੇ ਹੋਵੋ। ਜੇ ਤੁਸੀਂ ਸੁਣਵਾਈ ਸਮੇਂ ਕੋਈ ਵੀਡਿਓ ਜਾਂ ਡੀ ਵੀ ਡੀ ਦਿਖਾਉਣਾ ਚਾਹੁੰਦੇ ਹੋਵੋ ਜਾਂ ਟੇਪ ਜਾਂ ਸੀ ਡੀ ਵਜਾਉਣਾ ਚਾਹੁੰਦੇ ਹੋਵੋ ਤਾਂ ਸਾਨੂੰ ਪਹਿਲਾਂ ਹੀ ਦੱਸ ਦਿਉ ਤਾਂ ਜੋ ਅਸੀਂ ਢੁਕਵੇਂ ਸਾਜ਼-ਸਾਮਾਨ ਦਾ ਪ੍ਰਬੰਧ ਕਰ ਸਕੀਏ।

ਸੁਣਵਾਈ ਵਿਚ ਆਪਣੇ ਗਵਾਹ ਲੈ ਕੇ ਆਉ। ਸੁਣਵਾਈ ਦੀ ਤਾਰੀਖ, ਸਮੇਂ ਅਤੇ ਸਥਾਨ ਬਾਰੇ ਉਨ੍ਹਾਂ ਨੂੰ ਦੱਸਣ ਲਈ ਤੁਸੀਂ ਜ਼ਿੰਮੇਵਾਰ ਹੋ।

ਜੇ ਕੋਈ ਜਣਾ ਗਵਾਹ ਵਜੋਂ ਸੁਣਵਾਈ ਵਿਚ ਆਉਣ ਲਈ ਸਹਿਮਤ ਨਹੀਂ ਹੁੰਦਾ ਤਾਂ ਸਾਡੇ ਨਾਲ ਸੰਪਰਕ ਕਰੋ। ਸਾਡੇ ਕੋਲ ਗਵਾਹਾਂ ਨੂੰ ਸੁਣਵਾਈ ਵਿਚ ਆਉਣ ਦਾ ਆਰਡਰ ਕਰਨ ਦਾ ਹੱਕ ਹੈ। ਜ਼ਰੂਰੀ ਹੈ ਕਿ ਤੁਸੀਂ ਆਰਡਰ ਲਈ ਬੇਨਤੀ ਸੁਣਵਾਈ ਤੋਂ ਘੱਟੋ ਘੱਟ **14 ਦਿਨ** ਪਹਿਲਾਂ ਕਰੋ ਅਤੇ ਸਾਨੂੰ ਗਵਾਹ ਦਾ ਨਾਂ ਅਤੇ ਉਸ ਨਾਲ ਸੰਪਰਕ ਕਰਨ ਬਾਰੇ ਜਾਣਕਾਰੀ ਦਿਉ। ਇਹ ਦੱਸੋ ਕਿ ਗਵਾਹ ਕਿਹੜਾ ਸਬੂਤ ਦੇਵੇਗਾ, ਇਹ ਸਬੂਤ ਅਪੀਲ ਅਧੀਨ ਮਾਮਲੇ ਪ੍ਰਤੀ ਕਿਵੇਂ ਢੁਕਵਾਂ ਹੈ ਅਤੇ ਗਵਾਹ ਆਪਣੇ ਆਪ ਆਉਣ ਦਾ ਖਾਹਸ਼ਮੰਦ ਕਿਉਂ ਨਹੀਂ ਹੈ। ਵਾਈਸ ਚੇਅਰ ਇਹ ਫੈਸਲਾ ਕਰੇਗਾ ਕਿ ਆਰਡਰ ਜਾਰੀ ਕਰਨਾ ਹੈ ਜਾਂ ਨਹੀਂ। ਵਾਈਸ ਚੇਅਰ ਇਹ ਵਿਚਾਰ ਵੀ ਕਰੇਗਾ ਕਿ ਕੀ ਓਹੀ ਸਬੂਤ ਹਾਸਲ ਕਰਨ ਦੇ ਕੋਈ ਹੋਰ ਤਰੀਕੇ ਵੀ ਹਨ, ਸਬੂਤ ਕਿੰਨਾ ਕੁ ਢੁਕਵਾਂ ਹੈ ਅਤੇ ਗਵਾਹ ਕਿਉਂ ਨਹੀਂ ਆਉਣਾ ਚਾਹੁੰਦਾ।

ਜੇ ਤੁਹਾਨੂੰ ਨਵੇਂ ਲਿਖਤੀ ਸਬੂਤਾਂ ਲਈ ਖਰਚਾ ਦੇਣਾ ਪੈਣਾ ਹੈ ਅਤੇ ਤੁਸੀਂ ਚਾਹੁੰਦੇ ਹੋ ਕਿ ਇਹ ਖਰਚਾ ਵਾਪਸ ਲੈਣ ਲਈ ਡਬਲਯੂ ਸੀ ਏ ਟੀ, ਵਰਕਸੇਫ ਬੀ ਸੀ ਨੂੰ ਆਰਡਰ ਕਰੇ ਤਾਂ ਕਿਰਪਾ ਕਰਕੇ ਆਪਣੇ ਨਾਲ ਬਿੱਲ ਦੀ ਕਾਪੀ ਲੈ ਕੇ ਆਉ।

## ਕੁਝ ਲਿਖਤੀ ਨੋਟ ਤਿਆਰ ਕਰੋ

ਅਸੀਂ ਤੁਹਾਨੂੰ ਸੁਝਾਅ ਦਿੰਦੇ ਹਾਂ ਕਿ ਤੁਸੀਂ ਜ਼ਰੂਰੀ ਚੀਜ਼ਾਂ ਨੂੰ ਲਿਖ ਕੇ (ਨੋਟ ਲੈ ਕੇ) ਸੁਣਵਾਈ ਲਈ ਤਿਆਰੀ ਕਰੋ। ਤੁਸੀਂ ਸੁਣਵਾਈ ਵਿਚ ਨਰਵਿਸ ਹੋ ਸਕਦੇ ਹੋ ਅਤੇ ਉਹ ਹਰ ਚੀਜ਼ ਯਾਦ ਰੱਖਣਾ ਭੁੱਲ ਸਕਦੇ ਹੋ ਜਿਹੜੀ ਤੁਸੀਂ ਸਾਨੂੰ ਦੱਸਣਾ ਚਾਹੁੰਦੇ ਹੋ। ਤੁਹਾਨੂੰ ਆਪਣੇ ਨੋਟ ਵਾਈਸ ਚੇਅਰ ਨੂੰ ਪੜ੍ਹ ਕੇ ਸੁਣਾਉਣ ਦੀ ਲੋੜ ਨਹੀਂ ਹੈ, ਪਰ ਇਹ ਯਾਦ ਰੱਖਣ ਵਿਚ ਤੁਹਾਡੀ ਮਦਦ ਕਰਨਗੇ। ਵਾਈਸ ਚੇਅਰ ਤੁਹਾਨੂੰ ਸਵਾਲ ਪੁੱਛ ਕੇ ਵੀ ਤੁਹਾਡੀ ਮਦਦ ਕਰੇਗਾ।

ਜੇ ਤੁਸੀਂ ਅਪੀਲਕਰਤਾ ਹੋ ਤਾਂ ਤੁਸੀਂ ਸ਼ੁਰੂਆਤੀ ਬਿਆਨ ਲਿਖ ਸਕਦੇ ਹੋ ਜਿਹੜਾ ਉਨ੍ਹਾਂ ਮਾਮਲਿਆਂ ਬਾਰੇ ਤਹਿ ਕਰਦਾ ਹੋਵੇ ਜਿਨ੍ਹਾਂ ਬਾਰੇ ਤੁਸੀਂ ਚਾਹੁੰਦੇ ਹੋ ਕਿ ਵਾਈਸ ਚੇਅਰ ਫੈਸਲਾ ਕਰੇ ਅਤੇ ਉਨ੍ਹਾਂ ਨਤੀਜਿਆਂ ਬਾਰੇ ਵੀ ਦੱਸਦਾ ਹੋਵੇ ਜਿਹੜੇ ਨਤੀਜੇ ਤੁਸੀਂ ਚਾਹੁੰਦੇ ਹੋ। ਤੁਹਾਡੇ ਵਲੋਂ ਕਹੀਆਂ ਗਈਆਂ ਗੱਲਾਂ ਦੇ ਆਧਾਰ 'ਤੇ, ਵਾਈਸ ਚੇਅਰ ਇਹ ਫੈਸਲਾ ਕਰੇਗਾ ਕਿ ਕੀ ਉਸ ਕੋਲ ਫੈਸਲਾ ਕਰਨ ਦਾ ਅਧਿਕਾਰ ਹੈ ਜਾਂ ਨਹੀਂ।

ਤੁਸੀਂ ਉਹ ਮਹੱਤਵਪੂਰਨ ਸਬੂਤ ਵੀ ਲਿਖ ਸਕਦੇ ਹੋ ਜਿਹੜੇ ਤੁਸੀਂ ਦੇਣਾ ਚਾਹੁੰਦੇ ਹੋ ਅਤੇ ਮੁੱਖ ਨੁਕਤੇ ਜਿਹੜੇ ਤੁਸੀਂ ਦੱਸਣਾ ਚਾਹੁੰਦੇ ਹੋ। ਇਸ ਤਰੀਕੇ ਨਾਲ ਤੁਸੀਂ ਇਹ ਪੱਕਾ ਕਰੋਗੇ ਕਿ ਅਸੀਂ ਤੁਹਾਡੇ ਸਾਰੇ ਮੁੱਖ ਨੁਕਤਿਆਂ ਨੂੰ ਧਿਆਨ ਵਿਚ ਰੱਖੀਏ। ਉਹ ਸਵਾਲ ਲਿਖ ਲਵੋ ਜਿਹੜੇ ਤੁਸੀਂ ਆਪਣੇ ਗਵਾਹਾਂ ਤੋਂ ਪੁੱਛਣੇ ਹਨ। ਜੇ ਤੁਸੀਂ ਅਪੀਲਕਰਤਾ ਹੋ ਅਤੇ ਇਹ ਜਾਣਦੇ ਹੋ ਕਿ ਉੱਤਰਦਾਇਕ (ਰਿਸਪੌਂਡੈਂਟ) ਹਿੱਸਾ ਲੈ ਰਿਹਾ ਹੈ ਤਾਂ ਉਹ ਸਵਾਲ ਲਿਖ ਲਵੋ ਜਿਹੜੇ ਤੁਸੀਂ ਉਨ੍ਹਾਂ ਨੂੰ ਅਤੇ/ਜਾਂ ਉਨ੍ਹਾਂ ਵਲੋਂ ਲਿਆਂਦੇ ਕਿਸੇ ਗਵਾਹ ਨੂੰ ਪੁੱਛਣੇ ਹਨ। ਜੇ ਤੁਸੀਂ ਉੱਤਰਦਾਇਕ ਹੋ ਤਾਂ ਉਹ ਸਵਾਲ ਲਿਖ ਲਵੋ ਜਿਹੜੇ ਤੁਸੀਂ ਅਪੀਲਕਰਤਾ ਨੂੰ ਅਤੇ/ਜਾਂ ਉਨ੍ਹਾਂ ਵਲੋਂ

ਲਿਆਂਦੇ ਕਿਸੇ ਗਵਾਹ ਨੂੰ ਪੁੱਛਣੇ ਹਨ। ਇਸ ਤਰੀਕੇ ਨਾਲ ਤਿਆਰੀ ਕਰਨ ਨਾਲ ਆਪਣਾ ਕੇਸ ਜ਼ਿਆਦਾ ਅਸਰਦਾਰ ਤਰੀਕੇ ਨਾਲ ਪੇਸ਼ ਕਰਨ ਵਿਚ ਤੁਹਾਡੀ ਮਦਦ ਹੋਵੇਗੀ।

ਆਪਣੀ ਦਲੀਲ ਲਿਖ ਲਵੋ ਜਿਹੜੀ ਤੁਸੀਂ ਵਾਈਸ ਚੇਅਰ ਅੱਗੇ ਦਿਉਗੇ। ਜੇ ਤੁਸੀਂ ਅਪੀਲਕਰਤਾ ਹੋ ਤਾਂ ਇਸ ਵਿਚ, ਵਾਈਸ ਚੇਅਰ ਨੂੰ ਠੀਕ ਠੀਕ ਇਹ ਦੱਸੋ ਕਿ ਤੁਹਾਨੂੰ ਆਪਣੀ ਅਪੀਲ ਕਿਉਂ ਜਿੱਤਣੀ ਚਾਹੀਦੀ ਹੈ। ਜੇ ਤੁਸੀਂ ਉੱਤਰਦਾਇਕ ਹੋ ਤਾਂ ਇਸ ਵਿਚ, ਵਾਈਸ ਚੇਅਰ ਨੂੰ ਇਹ ਦੱਸੋ ਕਿ ਅਪੀਲਕਰਤਾ ਦੀ ਅਪੀਲ ਜਿੱਤੀ ਕਿਉਂ ਨਹੀਂ ਜਾਣੀ ਚਾਹੀਦੀ। ਉੱਤਰਦਾਇਕ ਵਜੋਂ ਤੁਸੀਂ ਅਪੀਲਕਰਤਾ ਦੀ ਸਥਿਤੀ ਦੀ ਹਿਮਾਇਤ ਵੀ ਕਰ ਸਕਦੇ ਹੋ। ਉਨ੍ਹਾਂ ਸਾਰੇ ਸਬੂਤਾਂ ਬਾਰੇ ਦੱਸੋ ਜਿਹੜੇ ਤੁਹਾਡੇ ਵਲੋਂ ਚਾਹੇ ਗਏ ਨਤੀਜੇ ਦੀ ਹਿਮਾਇਤ ਕਰਦੇ ਹੋਣ ਵਿਪਰੀਤ ਸਬੂਤਾਂ ਦਾ ਹਵਾਲਾ ਦਿਉ, ਅਤੇ ਇਹ ਦੱਸੋ ਕਿ ਤੁਹਾਡੇ ਹੱਕ ਵਿੱਚ ਜਾਣ ਵਾਲੇ ਸਬੂਤ ਕਿਉਂ ਬਿਹਤਰ ਹਨ। ਇਹ ਦੱਸੋ ਕਿ ਤੁਹਾਡੇ ਵਿਚਾਰ ਮੁਤਾਬਕ ਵਰਕਸੇਫ ਬੀ ਸੀ ਦੀਆਂ ਕਿਹੜੀਆਂ ਖਾਸ ਪਾਲਸੀਆਂ ਅਪੀਲ ’ਤੇ ਲਾਗੂ ਹੁੰਦੀਆਂ ਹਨ ਅਤੇ ਇਹ ਦੱਸੋ ਕਿ ਇਹ ਕਿਵੇਂ ਲਾਗੂ ਹੁੰਦੀਆਂ ਹਨ।

## ਆਪਣੀ ਅਪੀਲ ਵਰਗੀਆਂ ਅਪੀਲਾਂ ’ਤੇ ਸਾਡੇ ਧਿਆਨ ਰੱਖਣ ਯੋਗ ਫੈਸਲੇ ਪੜ੍ਹੋ

ਤੁਸੀਂ ਆਪਣੇ ਵਰਗੇ ਮਾਮਲਿਆਂ ਦੇ ਸਬੰਧ ਵਿਚ ਡਬਲਯੂ ਸੀ ਏ ਟੀ ਵਲੋਂ ਕੀਤੇ ਗਏ ਫੈਸਲਿਆਂ ਨੂੰ ਦੇਖ ਕੇ ਇਹ ਸਿੱਖ ਸਕਦੇ ਹੋ ਕਿ ਆਪਣੀ ਅਪੀਲ ਲਈ ਸਭ ਤੋਂ ਬਿਹਤਰ ਕੇਸ ਕਿਵੇਂ ਪੇਸ਼ ਕਰਨਾ ਹੈ। ਤੁਹਾਨੂੰ ਇਹ ਫੈਸਲੇ ਸਾਡੇ ਵੈੱਬਸਾਈਟ ’ਤੇ ***ਪ੍ਰੀਪੇਰਿੰਗ ਐਨ ਅਪੀਲ*** ਟੈਬ ਥੱਲੇ ਮਿਲਣਗੇ। ਤੁਸੀਂ ਫਿਰ ਉਨ੍ਹਾਂ ਪਾਲਸੀਆਂ ਦਾ ਹਵਾਲਾ ਦੇ ਸਕਦੇ ਹੋ ਜਿਹੜੀਆਂ ਲਾਗੂ ਹੁੰਦੀਆਂ ਹਨ ਅਤੇ ਸ਼ਾਇਦ ਤੁਹਾਡੀ ਅਪੀਲ ਦੀ ਹਿਮਾਇਤ ਕਰਦੀਆਂ ਹਨ।

## ਵਰਕਸੇਫ ਬੀ ਸੀ ਦੀਆਂ ਪਾਲਸੀਆਂ ਪੜ੍ਹੋ

ਤੁਸੀਂ ਵਰਕਸੇਫ ਬੀ ਸੀ ਦਾ *ਰੀਹੈਬਲੀਟੇਸ਼ਨ ਸਰਵਿਸਿਜ਼ ਐਂਡ ਕਲੇਮਜ਼ ਮੈਨੂਅਲ* ਪੜ੍ਹ ਕੇ ਇਹ ਪਤਾ ਲਾ ਸਕਦੇ ਹੋ ਕਿ ਵਰਕਸੇਫ ਬੀ ਸੀ ਦੀਆਂ ਕਿਹੜੀਆਂ ਪਾਲਸੀਆਂ ਅਪੀਲ ’ਤੇ ਲਾਗੂ ਹੁੰਦੀਆਂ ਹਨ (ਮੁਆਵਜ਼ੇ ਦੀਆਂ ਅਪੀਲਾਂ ਲਈ)। ਇਹ ਮੈਨੂਅਲ www.worksafebc.com ਵੈੱਬਸਾਈਟ ’ਤੇ ***ਰੈਗੂਲੇਸ਼ਨ*** ਐਂਡ ***ਪਾਲਸੀ*** ਟੈਬ ਥੱਲੇ ਹੈ।



ਤੁਸੀਂ ਆਪਣਾ ਕੇਸ ਪੇਸ਼ ਕਰਨ ਲਈ ਵਰਕਸੇਫ ਬੀ ਸੀ ਦੇ ਗੈਰ-ਲਾਜ਼ਮੀ (ਨਾਨ-ਬਾਈਂਡਿੰਗ) ਪ੍ਰੈਕਟਿਸ ਡਾਇਰੈਕਟਿਵਜ਼ (ਆਦੇਸ਼) ਵੀ ਵਰਤ ਸਕਦੇ ਹੋ। www.worksafebc.com ਵੈੱਬਸਾਈਟ ’ਤੇ ***ਰੈਗੂਲੇਸ਼ਨ ਐਂਡ ਪਾਲਸੀ*** ਟੈਬ ਥੱਲੇ ਦੇਖੋ।

## ਸੁਣਵਾਈ ਵਿਚ ਕੀ ਹੁੰਦਾ ਹੈ

ਜ਼ਬਾਨੀ ਸੁਣਵਾਈ ਅਦਾਲਤ ਦੀ ਕਾਰਵਾਈ ਜਿੰਨੀ ਰਸਮੀ ਕਾਰਵਾਈ ਨਹੀਂ ਹੈ। ਜ਼ਬਾਨੀ ਸੁਣਵਾਈ ਵਿਚ ਕੀ ਹੁੰਦਾ ਹੈ, ਇਹ ਕਿਸੇ ਅਪੀਲ ਦੀਆਂ ਹਾਲਤਾਂ ’ਤੇ ਨਿਰਭਰ ਕਰਦਾ ਹੈ। ਅਕਸਰ ਇਹ ਵਾਪਰਦਾ ਹੈ।

ਹਿੱਸਾ ਲੈਣ ਵਾਲੇ ਸਾਰੇ ਲੋਕ ਇਕੋ ਕਮਰੇ ਵਿਚ ਮਿਲਦੇ ਹਨ ਜਿੱਥੇ ਆਮ ਤੌਰ ’ਤੇ ਦੋ ਮੇਜ਼ ਹੁੰਦੇ ਹਨ। ਵਾਈਸ ਚੇਅਰ ਇਕ ਸਿਰੇ ’ਤੇ ਕਮਰੇ ਦੇ ਸਾਮ੍ਹਣੇ ਬੈਠਦਾ ਹੈ। ਅਪੀਲਕਰਤਾ ਅਤੇ ਉਸ ਦਾ ਨੁਮਾਇੰਦਾ ਮੇਜ਼ ਦੇ ਇਕ ਪਾਸੇ ਬੈਠਣਗੇ। ਜੇ ਕੋਈ ਉੱਤਰਦਾਇਕ ਹਿੱਸਾ ਲੈ ਰਿਹਾ ਹੈ ਤਾਂ ਉਹ ਅਤੇ ਉਸ ਦਾ ਨੁਮਾਇੰਦਾ ਮੇਜ਼ ਦੇ ਦੂਜੇ ਪਾਸੇ ਬੈਠਣਗੇ। ਜੇ ਕੋਈ ਦੋਭਾਸ਼ੀਆ ਵੀ ਆਇਆ ਹੋਇਆ ਹੈ ਤਾਂ ਉਹ ਆਮ ਤੌਰ ’ਤੇ ਉਸ ਵਿਅਕਤੀ ਦੇ ਨਾਲ ਬੈਠਦਾ ਹੈ ਜਿਸ ਲਈ ਉਹ ਅਨੁਵਾਦ ਕਰ ਰਿਹਾ ਹੈ। ਜੇ ਥਾਂ ਹੋਵੇ ਤਾਂ ਦਰਸ਼ਕ ਵੀ ਮੇਜ਼ ’ਤੇ ਬੈਠ ਸਕਦੇ ਹਨ। ਗਵਾਹਾਂ ਨੂੰ ਆਮ ਤੌਰ ’ਤੇ ਉਦੋਂ ਤੱਕ ਸੁਣਵਾਈ ਵਾਲੇ ਕਮਰੇ ਵਿੱਚੋਂ ਬਾਹਰ ਰਹਿਣ ਲਈ ਕਿਹਾ ਜਾਵੇਗਾ ਜਦ ਤੱਕ ਉਨ੍ਹਾਂ ਦੀ ਗਵਾਹੀ ਦਾ ਸਮਾਂ ਨਹੀਂ ਆ ਜਾਂਦਾ।

ਵਾਈਸ ਚੇਅਰ ਆਪਣੀ ਜਾਣ-ਪਛਾਣ ਕਰਵਾਏਗਾ ਅਤੇ ਸੁਣਵਾਈ ਦੀ ਕਾਰਵਾਈ ਬਾਰੇ ਦੱਸੇਗਾ, ਸਮੇਤ ਇਸ ਤੱਥ ਦੇ ਕਿ ਅਸੀਂ ਜ਼ਬਾਨੀ ਸੁਣਵਾਈ ਨੂੰ ਰਿਕਾਰਡ ਕਰਾਂਗੇ। ਬਾਕੀ ਦੇ ਮੌਜੂਦ ਵਿਅਕਤੀਆਂ ਵਿੱਚੋਂ ਹਰ ਇਕ ਨੂੰ ਆਪਣੀ ਜਾਣ-ਪਛਾਣ ਕਰਵਾਉਣ ਲਈ ਕਿਹਾ ਜਾਵੇਗਾ। ਵਾਈਸ ਚੇਅਰ ਅਪੀਲ ਅਧੀਨ ਫੈਸਲੇ (ਫੈਸਲਿਆਂ) ਬਾਰੇ ਦੱਸੇਗਾ ਅਤੇ ਉਨ੍ਹਾਂ ਵਿਚ ਉਠਾਏ ਗਏ ਮੁੱਦੇ (ਮੁੱਦਿਆਂ) ਬਾਰੇ ਦੱਸੇਗਾ।

ਅਪੀਲਕਰਤਾ ਜਾਂ ਉਸ ਦੇ ਨੁਮਾਇੰਦੇ ਨੂੰ ਕਿਹਾ ਜਾਵੇਗਾ ਕਿ ਉਹ ਸੰਖੇਪ ਵਿਚ ਇਹ ਦੱਸਣ ਕਿ ਉਹ ਸਾਨੂੰ ਕੀ ਕਰਨ ਲਈ ਕਹਿ ਰਹੇ ਹਨ। ਫਿਰ ਅਪੀਲਕਰਤਾ ਆਪਣੀ ਗਵਾਹੀ ਦਿੰਦਾ ਹੈ, ਭਾਵ ਆਪਣੀ ਕਹਾਣੀ ਦੱਸਦਾ ਹੈ। ਵਾਈਸ ਚੇਅਰ ਉਨ੍ਹਾਂ ਨੂੰ ਕਹੇਗਾ ਕਿ ਉਹ ਆਪਣੀ ਗਵਾਹੀ “ਸਹੁੰ ਖਾ ਕੇ ਜਾਂ ਵਚਨ ਲੈ ਕੇ” ਦੇਣ। ਇਸ ਦਾ ਮਤਲਬ ਹੈ ਕਿ ਉਹ ਜਾਂ ਤਾਂ ਪਵਿੱਤਰ ਕਿਤਾਬ ਦੀ ਸਹੁੰ ਚੁਕਣਗੇ ਜਾਂ ਆਪਣੀ ਜ਼ਮੀਰ

ਨਾਲ ਵਾਅਦਾ ਕਰਨਗੇ ਕਿ ਉਹ ਸੱਚ ਦੱਸਣਗੇ।

ਆਪਣੀ ਕਹਾਣੀ ਦੱਸਣ ਵਿਚ ਮਦਦ ਕਰਨ ਲਈ ਅਪੀਲਕਰਤਾ ਦਾ ਨੁਮਾਇੰਦਾ ਅਪੀਲਕਰਤਾ ਨੂੰ ਸਵਾਲ ਪੁੱਛ ਸਕਦਾ ਹੈ। ਫਿਰ ਉੱਤਰਦਾਇਕ ਉਸ ਨੂੰ ਸਵਾਲ ਪੁੱਛ ਸਕਦਾ ਹੈ। ਵਾਈਸ ਚੇਅਰ ਵੀ ਅਪੀਲਕਰਤਾ ਨੂੰ ਸਵਾਲ ਪੁੱਛ ਸਕਦਾ ਹੈ। ਅਪੀਲਕਰਤਾ ਵਲੋਂ ਆਪਣੀ ਗਵਾਹੀ ਦੇ ਦੇਣ ਤੋਂ ਬਾਅਦ, ਵਾਈਸ ਚੇਅਰ ਉਸ ਦੇ ਗਵਾਹਾਂ ਨੂੰ ਆਪਣੇ ਸਵਾਲਾਂ ਦੇ ਜਵਾਬ ਦੇਣ ਲਈ ਸੁਣਵਾਈ ਵਾਲੇ ਕਮਰੇ ਵਿਚ ਸੱਦੇਗਾ। ਉੱਤਰਦਾਇਕ ਅਤੇ ਵਾਈਸ ਚੇਅਰ ਅਪੀਲਕਰਤਾ ਦੇ ਗਵਾਹਾਂ ਨੂੰ ਸਵਾਲ ਪੁੱਛ ਸਕਦੇ ਹਨ।

ਫਿਰ ਉੱਤਰਦਾਇਕ ਸਬੂਤ ਦੇ ਸਕਦਾ ਹੈ ਅਤੇ ਗਵਾਹ ਸੱਦ ਸਕਦਾ ਹੈ। ਫਿਰ ਅਪੀਲਕਰਤਾ ਜਾਂ ਉਸ ਦਾ ਨੁਮਾਇੰਦਾ ਉੱਤਰਦਾਇਕ ਅਤੇ ਉਸ ਦੇ ਗਵਾਹਾਂ ਨੂੰ ਸਵਾਲ ਪੁੱਛ ਸਕਦਾ ਹੈ।

ਹਰ ਇਕ ਵਲੋਂ ਸਬੂਤ ਦੇ ਲੈਣ ਤੋਂ ਬਾਅਦ, ਅਪੀਲਕਰਤਾ ਜਾਂ ਉਸ ਦਾ ਨੁਮਾਇੰਦਾ ਆਪਣੀ "ਸਬਮਿਸ਼ਨ" ਜਾਂ "ਆਰਗੂਮੈਂਟ" ਦੇਵੇਗਾ। ਤੁਹਾਡੀ ਸਬਮਿਸ਼ਨ ਜਾਂ ਆਰਗੂਮੈਂਟ ਵਿਚ ਸੰਖੇਪ ਵਿਚ ਉਨ੍ਹਾਂ ਸਾਰੇ ਸਬੂਤਾਂ ਬਾਰੇ ਦੱਸਿਆ ਜਾਣਾ ਚਾਹੀਦਾ ਹੈ ਜਿਹੜੇ ਤੁਹਾਡੇ ਵਲੋਂ ਚਾਹੇ ਗਏ ਨਤੀਜੇ ਦੀ ਹਿਮਾਇਤ ਕਰਦੇ ਹਨ, ਵਿਪਰੀਤ ਸਬੂਤਾਂ ਦਾ ਹਵਾਲਾ ਦਿਉ, ਅਤੇ ਇਹ ਦੱਸੋ ਕਿ ਤੁਹਾਡੇ ਹੱਕ ਵਿੱਚ ਜਾਣ ਵਾਲੇ ਸਬੂਤ ਕਿਉਂ ਬਿਹਤਰ ਹਨ। ਤੁਸੀਂ ਇਹ ਵੀ ਦੱਸ ਸਕਦੇ ਹੋ ਕਿ ਵਰਕਸੇਫ ਬੀ ਸੀ ਦੀਆਂ ਕਿਹੜੀਆਂ ਖਾਸ ਪਾਲਸੀਆਂ ਤੁਹਾਡੇ ਖਿਆਲ ਮੁਤਾਬਕ ਅਪੀਲ 'ਤੇ ਲਾਗੂ ਹੁੰਦੀਆਂ ਹਨ ਅਤੇ ਇਹ ਦੱਸੋ ਕਿ ਇਹ ਕਿਵੇਂ ਲਾਗੂ ਹੁੰਦੀਆਂ ਹਨ।

ਫਿਰ ਉੱਤਰਦਾਇਕ ਆਰਗੂਮੈਂਟ (ਦਲੀਲ) ਦੇਵੇਗਾ। ਤੁਹਾਡੀ ਸਬਮਿਸ਼ਨ ਜਾਂ ਆਰਗੂਮੈਂਟ ਵਿਚ ਸੰਖੇਪ ਵਿਚ ਉਨ੍ਹਾਂ ਸਾਰੇ ਸਬੂਤਾਂ ਬਾਰੇ ਦੱਸਿਆ ਜਾਣਾ ਚਾਹੀਦਾ ਹੈ ਜਿਹੜੇ ਤੁਹਾਡੇ ਵਲੋਂ ਚਾਹੇ ਗਏ ਨਤੀਜੇ ਦੀ ਹਿਮਾਇਤ ਕਰਦੇ ਹਨ, ਵਿਪਰੀਤ ਸਬੂਤਾਂ ਦਾ ਹਵਾਲਾ ਦਿਉ, ਅਤੇ ਇਹ ਦੱਸੋ ਕਿ ਤੁਹਾਡੇ ਹੱਕ ਵਿੱਚ ਜਾਣ ਵਾਲੇ ਸਬੂਤ ਕਿਉਂ ਬਿਹਤਰ ਹਨ। ਤੁਸੀਂ ਇਹ ਵੀ ਦੱਸ ਸਕਦੇ ਹੋ ਕਿ ਵਰਕਸੇਫ ਬੀ ਸੀ ਦੀਆਂ ਕਿਹੜੀਆਂ ਖਾਸ ਪਾਲਸੀਆਂ ਤੁਹਾਡੇ ਖਿਆਲ ਮੁਤਾਬਕ ਤੁਹਾਡੀ ਅਪੀਲ 'ਤੇ ਲਾਗੂ ਹੁੰਦੀਆਂ ਹਨ ਅਤੇ ਇਹ ਦੱਸੋ ਕਿ ਇਹ ਕਿਵੇਂ ਲਾਗੂ ਹੁੰਦੀਆਂ ਹਨ। ਉੱਤਰਦਾਇਕ ਦੀ ਦਲੀਲ ਤੋਂ ਬਾਅਦ, ਅਪੀਲਕਰਤਾ ਨੂੰ ਕਿਸੇ ਵੀ ਉਸ ਨਵੀਂ ਚੀਜ਼ ਦਾ ਜਵਾਬ ਦੇਣ ਦਾ ਮੌਕਾ ਮਿਲੇਗਾ ਜਿਹੜੀ ਉੱਤਰਦਾਇਕ ਨੇ ਉਠਾਈ ਹੋ ਸਕਦੀ ਹੈ।



## ਕੀ ਡਬਲਯੂ ਸੀ ਏ ਟੀ ਹੋਰ ਸਬੂਤ ਲੈ ਸਕਦਾ ਹੈ?

ਸਾਨੂੰ ਰੁਜ਼ਗਾਰ, ਆਮਦਨ, ਅਤੇ ਡਾਕਟਰੀ ਰਿਕਾਰਡਾਂ ਵਰਗੀ ਜਾਣਕਾਰੀ ਇਕੱਤਰ ਕਰਨ ਦਾ ਹੱਕ ਹੈ। ਅਸੀਂ ਵਰਕਸੇਫ ਬੀ ਸੀ ਨੂੰ ਮਾਮਲਿਆਂ ਦੀ ਪੜਤਾਲ ਕਰਨ ਲਈ ਵੀ ਕਹਿ ਸਕਦੇ ਹਾਂ ਜਿਸ ਵਿਚ ਅਰਗੋਨੋਮਿਕ (ਸਾਜ਼-ਸਾਮਾਨ ਨੂੰ ਨਵੀਂ ਤਰਤੀਬ ਦੇਣ) ਅਤੇ ਰੁਜ਼ਗਾਰ 'ਤੇ ਲੱਗਣ ਬਾਰੇ ਅਨੁਮਾਨ ਲਾਉਣੇ ਵੀ ਸ਼ਾਮਲ ਹਨ।

ਅਸੀਂ ਕਿਸੇ ਵਿਅਕਤੀ ਨੂੰ ਅਪੀਲ ਨਾਲ ਸੰਬੰਧਤ ਸਬੂਤ ਦੇਣ ਲਈ ਜ਼ਬਾਨੀ ਸੁਣਵਾਈ ਵਿਚ ਸ਼ਾਮਲ ਹੋਣ ਦਾ ਆਰਡਰ ਵੀ ਦੇ ਸਕਦੇ ਹਾਂ ਜੇ ਉਹ ਆਪਣੀ ਮਰਜ਼ੀ ਨਾਲ ਹਾਜ਼ਰ ਹੋਣ ਦਾ ਖਾਹਸ਼ਮੰਦ ਨਾ ਹੋਵੇ ਜਾਂ ਆਪਣੀ ਮਰਜ਼ੀ ਨਾਲ ਹਾਜ਼ਰ ਹੋਣ ਦੇ ਯੋਗ ਨਾ ਹੋਵੇ ਅਤੇ ਉਸ ਦੀ ਗਵਾਹੀ ਲੈਣ ਦਾ ਕੋਈ ਹੋਰ ਤਰੀਕਾ ਨਾ ਹੋਵੇ। ਆਰਡਰਾਂ ਬਾਰੇ ਹੋਰ ਜਾਣਕਾਰੀ ਲੈਣ ਲਈ ਸਾਡੇ ਵੈੱਬਸਾਈਟ 'ਤੇ ***ਐੱਮ ਆਰ ਪੀ ਪੀ*** ਟੈਬ ਅਧੀਨ *ਮੈਨੂਅਲ ਆਫ ਰੂਲਜ਼ ਆਫ ਪ੍ਰੈਕਟਿਸ ਐਂਡ ਪ੍ਰੋਸੀਜ਼ਰ* ਵਿਚ ਆਈਟਮ ਨੰਬਰ 11. 7 ਦੇਖੋ।

ਅਸੀਂ ਵਰਕਰ ਦੇ ਡਾਕਟਰ ਤੋਂ ਵੀ ਜਾਣਕਾਰੀ ਜਾਂ ਰਾਇ ਮੰਗ ਸਕਦੇ ਹਾਂ। ਅਸੀਂ ਕਿਸੇ ਉਸ ਡਾਕਟਰ ਜਾਂ ਸਿਹਤ ਮਾਹਰ ਦੀ ਨਿਰਪੱਖ ਡਾਕਟਰੀ ਸਲਾਹ ਜਾਂ ਸਹਾਇਤਾ ਮੰਗ ਸਕਦੇ ਹਾਂ ਜੋ ਵਰਕਸੇਫ ਬੀ ਸੀ ਦਾ ਮੁਲਾਜ਼ਮ ਨਹੀਂ ਹੈ। ਡਾਕਟਰ ਜਾਂ ਹੋਰ ਸਿਹਤ ਮਾਹਰ ਵਰਕਰ ਨੂੰ ਜਾਂਚ ਕਰਵਾਉਣ ਲਈ ਆਉਣ ਲਈ ਕਹਿ ਸਕਦਾ ਹੈ।

ਜੇ ਵਾਈਸ ਚੇਅਰ ਕੋਈ ਵੀ ਵਾਧੂ ਸਬੂਤ ਲੈਂਦਾ ਹੈ ਤਾਂ ਅਸੀਂ ਟਿੱਪਣੀ ਲਈ ਇਸ ਦੀ ਕਾਪੀ ਅਪੀਲਕਰਤਾ ਅਤੇ ਹਿੱਸਾ ਲੈ ਰਹੇ ਉੱਤਰਦਾਇਕ ਨੂੰ ਭੇਜਾਂਗੇ।

ਭਾਵੇਂ ਕਿ ਸਾਨੂੰ ਵਾਧੂ ਜਾਣਕਾਰੀ ਲੈਣ ਦਾ ਹੱਕ ਹੈ, ਕਿਰਪਾ ਕਰਕੇ ਇਹ ਨਾ ਮਿੱਥ ਲਵੋ ਕਿ ਵਾਈਸ ਚੇਅਰ ਅਗਾਂਹ ਹੋਰ ਪੜਤਾਲ ਕਰੇਗਾ।

## ਅਪੀਲ ਦੇ ਕਿਹੜੇ ਖਰਚੇ ਦੇਣ ਲਈ ਡਬਲਯੂ ਸੀ ਏ ਟੀ, ਵਰਕਸੇਫ ਬੀ ਸੀ ਨੂੰ ਆਰਡਰ ਕਰੇਗਾ?

ਅਸੀਂ ਵਰਕਸੇਫ ਬੀ ਸੀ ਨੂੰ ਇਹ ਆਰਡਰ ਕਰ ਸਕਦੇ ਹਾਂ ਕਿ ਉਹ ਅਪੀਲ ਨਾਲ ਸੰਬੰਧਿਤ ਤੁਹਾਡੇ ਖਰਚੇ ਤੁਹਾਨੂੰ ਵਾਪਸ ਦੇਵੇ, ਜਿਵੇਂ ਕਿ ਡਾਕਟਰ ਤੋਂ ਚਿੱਠੀ ਜਾਂ ਰਿਪੋਰਟ ਲੈਣ, ਨਵੇਂ ਲਿਖਤੀ ਸਬੂਤ ਲੈਣ, ਜਾਂ ਕਿਸੇ ਪੇਪਰ ਦਾ ਅੰਗਰੇਜ਼ੀ ਵਿਚ ਅਨੁਵਾਦ ਕਰਵਾਉਣ, ਸੁਣਵਾਈ ਲਈ

ਆਉਣ, ਜਾਂ ਸੁਣਵਾਈ ਲਈ ਆਉਣ ਲਈ ਕੰਮ ਤੋਂ ਛੁੱਟੀ ਕਰਨ ਦੇ ਖਰਚੇ।

ਜੇ ਤੁਹਾਡੇ ਅਜਿਹੇ ਖਰਚੇ ਹੋਏ ਹਨ ਤਾਂ ਵਾਈਸ ਚੇਅਰ ਨੂੰ ਬਿੱਲਾਂ ਦੀਆਂ ਕਾਪੀਆਂ ਦਿਉ। ਆਪਣੇ ਟਰੈਵਲ ਕਰਨ ਦੇ ਖਰਚਿਆਂ ਅਤੇ ਤਨਖਾਹਾਂ ਦੇ ਨੁਕਸਾਨ ਦੀਆਂ ਰਸੀਦਾਂ ਉਦੋਂ ਤੱਕ ਸਾਂਭ ਕੇ ਰੱਖੋ ਜਦ ਤੱਕ ਵਾਈਸ ਚੇਅਰ ਤੁਹਾਡੀ ਅਪੀਲ ’ਤੇ ਫੈਸਲਾ ਨਹੀਂ ਕਰ ਦਿੰਦਾ।

ਭਾਵੇਂ ਤੁਸੀਂ ਅਪੀਲ ਵਿਚ ਕਾਮਯਾਬ ਨਾ ਵੀ ਹੋਵੋ, ਅਸੀਂ ਆਮ ਤੌਰ ’ਤੇ ਵਰਕਸੇਫ ਬੀ ਸੀ ਨੂੰ ਇਹ ਆਰਡਰ ਕਰਾਂਗੇ ਕਿ ਉਹ ਲਿਖਤੀ ਸਬੂਤ (ਜਿਵੇਂ ਕਿ ਡਾਕਟਰੀ ਰਿਪੋਰਟ) ਲੈਣ ਲਈ ਤੁਹਾਡੇ ਵਲੋਂ ਕੀਤੇ ਗਏ ਖਰਚੇ ਤੁਹਾਨੂੰ ਵਾਪਸ ਕਰੇ, ਜੇ ਸਬੂਤ ਫਾਇਦੇਮੰਦ ਸਨ ਜਾਂ ਅਪੀਲ ਦਾ ਫੈਸਲਾ ਕਰਨ ਵਿਚ ਮਦਦ ਕਰਨ ਵਾਲੇ ਸਨ, ਜਾਂ ਤੁਹਾਡੇ ਵਲੋਂ ਅਪੀਲ ਲਈ ਸਬੂਤ ਲੈਣਾ ਵਾਜਬ ਸੀ। ਵਾਪਸ ਕਰਨ ਯੋਗ ਪੈਸਿਆਂ ਦੀ ਰਕਮ ਉੱਪਰ ਅਸੀਂ ਹੱਦਾਂ ਲਾਗੂ ਕਰਦੇ ਹਾਂ, ਜਿਸ ਬਾਰੇ ਤੁਸੀਂ ਸਾਡੇ ਵੈੱਬਸਾਈਟ ’ਤੇ ***ਐੱਮ ਆਰ ਪੀ ਪੀ*** ਟੈਬ ਹੇਠ *ਮੈਨੂਅਲ ਆਫ ਰੂਲਜ਼ ਆਫ ਪ੍ਰੈਕਟਿਸ ਐਂਡ ਪ੍ਰੋਸੀਜ਼ਰ* ਵਿਚ ਅਤੇ ***ਅਪੀਲ ਐਕਸਪੈਂਸਿਜ਼*** ਟੈਬ ਹੇਠ ਦੇਖ ਸਕਦੇ ਹੋ। ਜੇ ਤੁਹਾਡਾ ਬਿੱਲ ਜ਼ਿਆਦਾ ਹੋਵੇ ਅਤੇ ਤੁਸੀਂ ਆਪਣੇ ਸਾਰੇ ਖਰਚੇ ਵਾਪਸ ਲੈਣਾ ਚਾਹੁੰਦੇ ਹੋਵੋ ਤਾਂ ਕਿਰਪਾ ਕਰਕੇ ਉਨ੍ਹਾਂ ਕਾਰਨਾਂ ਬਾਰੇ ਦੱਸੋ ਜਿਨ੍ਹਾਂ ਕਰਕੇ ਤੁਸੀਂ ਸੋਚਦੇ ਹੋ ਕਿ ਸਾਨੂੰ ਪੂਰੀ ਰਕਮ ਦੇਣ ਦਾ ਆਰਡਰ ਕਰਨਾ ਚਾਹੀਦਾ ਹੈ।

ਜੇ ਵਾਈਸ ਚੇਅਰ ਤੁਹਾਡੀ ਅਪੀਲ ਦੇ ਖਰਚੇ ਦੇਣ ਦਾ ਆਰਡਰ ਵਰਕਸੇਫ ਬੀ ਸੀ ਨੂੰ ਕਰਦਾ ਹੈ ਤਾਂ ਕਿਰਪਾ ਕਰਕੇ ਆਪਣੇ ਸਾਰੇ ਬਿੱਲ ਅਤੇ ਰਸੀਦਾਂ ਵਰਕਸੇਫ ਬੀ ਸੀ ਨੂੰ ਭੇਜੋ।

ਅਸੀਂ ਤੁਹਾਡੇ ਫੋਟੋਕਾਪੀ ਦੇ ਖਰਚੇ, ਤੁਹਾਡੇ ਨੁਮਾਇੰਦੇ ਦੀਆਂ ਫੀਸਾਂ, ਜਾਂ ਕਿਸੇ ਇਮਪਲੌਏਅਰ ਦੀਆਂ ਤਨਖਾਹਾਂ ਦੇ ਨੁਕਸਾਨ ਦੇ ਖਰਚੇ ਦੇਣ ਲਈ ਵਰਕਸੇਫ ਬੀ ਸੀ ਨੂੰ ਆਰਡਰ ਨਹੀਂ ਕਰਦੇ।

## ਕੀ ਮੈਂ ਸੁਣਵਾਈ ਤੋਂ ਬਾਅਦ ਹੋਰ ਸਬੂਤ ਅਤੇ ਲਿਖਤੀ ਵਿਚਾਰ ਦੇ ਸਕਦਾ/ਸਕਦੀ ਹਾਂ?

ਵਾਈਸ ਚੇਅਰ ਜੇ ਸੁਣਵਾਈ ਵੇਲੇ ਖਾਸ ਤੌਰ ’ਤੇ ਇਸ ਗੱਲ ਲਈ ਸਹਿਮਤ ਨਹੀਂ ਹੁੰਦਾ ਤਾਂ ਉਹ ਆਮ ਤੌਰ ’ਤੇ ਹੋਰ ਸਬੂਤ ਜਾਂ ਲਿਖਤੀ ਦਲੀਲਾਂ ਜ਼ਬਾਨੀ ਸੁਣਵਾਈ ਤੋਂ ਬਾਅਦ ਸਵੀਕਾਰ ਨਹੀਂ ਕਰੇਗਾ।

## ਡਬਲਯੂ ਸੀ ਏ ਟੀ ਆਪਣਾ ਫੈਸਲਾ ਕਿਵੇਂ ਕਰਦਾ ਹੈ?

ਅਪੀਲ ਸੁਣਨ ਵਾਲਾ ਵਾਈਸ ਚੇਅਰ ਵਰਕਸੇਫ ਬੀ ਸੀ ਦੀ ਫਾਇਲ ਵਿਚਲੇ ਸਬੂਤਾਂ ਅਤੇ ਅਪੀਲਕਰਤਾ ਅਤੇ ਕਿਸੇ ਉੱਤਰਦਾਇਕ ਵਲੋਂ ਦਿੱਤੇ ਗਏ ਸਬੂਤਾਂ ਅਤੇ ਲਿਖਤੀ ਵਿਚਾਰ ’ਤੇ ਵਿਚਾਰ ਕਰੇਗਾ।

ਵਾਈਸ ਚੇਅਰ ਲਈ, ਅਪੀਲ ’ਤੇ ਵਰਕਸੇਫ ਬੀ ਸੀ ਦੇ ਬੋਰਡ ਆਫ ਡਾਇਰੈਕਟਰਜ਼ ਦੀਆਂ ਢੁਕਵੀਆਂ ਪਾਲਸੀਆਂ ਲਾਗੂ ਕਰਨਾ ਜ਼ਰੂਰੀ ਹੈ। ਜੇ ਮੁਆਵਜ਼ੇ ਦੇ ਕਿਸੇ ਮੁੱਦੇ ਉੱਪਰ ਸਬੂਤ ਇੱਕੋ ਜਿਹੇ ਹੀ ਹੋਣ ਤਾਂ ਵਾਈਸ ਚੇਅਰ ਲਈ ਉਸ ਮੁੱਦੇ ਉੱਪਰ ਫੈਸਲਾ ਵਰਕਰ ਦੇ ਹੱਕ ਵਿਚ ਕਰਨਾ ਜ਼ਰੂਰੀ ਹੈ। ਹੋਰ ਮੁੱਦਿਆਂ ’ਤੇ, ਵਾਈਸ ਚੇਅਰ ਆਪਣਾ ਫੈਸਲਾ ਸੰਭਾਵਨਾਵਾਂ ਦੇ ਸੰਤੁਲਨ ’ਤੇ ਕਰੇਗਾ।

ਵਾਈਸ ਚੇਅਰ ਕਾਰਨਾਂ ਨਾਲ ਫੈਸਲਾ ਲਿਖੇਗਾ ਜਿਹੜਾ ਕਿ ਅਪੀਲਕਰਤਾ ਅਤੇ ਉੱਤਰਦਾਇਕ ਨੂੰ ਡਾਕ ਰਾਹੀਂ ਭੇਜਿਆ ਜਾਵੇਗਾ। ਅਸੀਂ ਵਰਕਸੇਫ ਬੀ ਸੀ ਨੂੰ ਲਿਖਤੀ ਫੈਸਲੇ ਦੀ ਕਾਪੀ ਵੀ ਭੇਜਦੇ ਹਾਂ ਜੋ ਕਿ ਸਾਡਾ ਫੈਸਲਾ ਲਾਗੂ ਕਰੇਗਾ।

## ਮੈਨੂੰ ਜ਼ਿਆਦਾ ਜਾਣਕਾਰੀ ਕਿੱਥੋਂ ਮਿਲ ਸਕਦੀ ਹੈ?

ਤੁਹਾਨੂੰ ਸਾਡੇ ਬਾਰੇ ਜ਼ਿਆਦਾ ਜਾਣਕਾਰੀ ਸਾਡੇ ਵੈੱਬਸਾਈਟ (www.wcat.bc.ca) ਤੋਂ ਮਿਲੇਗੀ। ਇਸ ਵਿਚ ਡਬਲਯੂ ਸੀ ਏ ਟੀ ਦਾ *ਮੈਨੂਅਲ ਆਫ ਰੂਲਜ਼ ਆਫ ਪ੍ਰੈਕਟਿਸ ਐਂਡ ਪ੍ਰੋਸੀਜ਼ਰ* ਵੀ ਸ਼ਾਮਲ ਹੈ ਜਿਹੜਾ ਤੁਸੀਂ ***ਐੱਮ ਆਰ ਪੀ ਪੀ*** ਟੈਬ ਹੇਠ ਦੇਖ ਸਕਦੇ ਹੋ। ਤੁਹਾਨੂੰ ਡਬਲਯੂ ਸੀ ਏ ਟੀ ਦੇ ਪਹਿਲੇ ਫੈਸਲੇ ***ਸਰਚ ਆਵਰ ਡਿਸੀਜ਼ਨਜ਼*** ਟੈਬ ਹੇਠ ਮਿਲਣਗੇ। ਤੁਸੀਂ ਫਿਰ ਉਨ੍ਹਾਂ ਪਾਲਸੀਆਂ ਦਾ ਹਵਾਲਾ ਦੇ ਸਕਦੇ ਹੋ ਜਿਹੜੀਆਂ ਤੁਹਾਡੀ ਅਪੀਲ ’ਤੇ ਲਾਗੂ ਹੁੰਦੀਆਂ ਹਨ ਅਤੇ ਸ਼ਾਇਦ ਅਪੀਲ ਬਾਰੇ ਤੁਹਾਡੀ ਸਥਿਤੀ ਦੀ ਹਿਮਾਇਤ ਕਰਦੀਆਂ ਹਨ। ਤੁਹਾਨੂੰ ***ਪ੍ਰੀਪੇਰਿੰਗ ਫਾਰ ਐਨ ਅਪੀਲ*** ਟੈਬ ਥੱਲੇ ਸਬੂਤਾਂ ਦੇ ਮੁਢਲੇ ਸਿਧਾਂਤਾਂ ਬਾਰੇ ਜ਼ਿਆਦਾ ਜਾਣਕਾਰੀ ਵੀ ਮਿਲੇਗੀ।

ਵਰਕਸੇਫ ਬੀ ਸੀ ਦੇ ਕਲੇਮ ਜਾਂ ਰਿਵੀਊ ਡਿਵੀਜ਼ਨ ਦੇ ਰਿਵੀਊ ਬਾਰੇ ਜ਼ਿਆਦਾ ਜਾਣਕਾਰੀ ਲੈਣ ਲਈ ਕਿਰਪਾ ਕਰਕੇ ਸੰਪਰਕ ਕਰੋ:

**ਵਰਕਸੇਫ ਬੀ ਸੀ:** 1 888 967-5377
**ਰਿਵੀਊ ਡਿਵੀਜ਼ਨ:** 1 888 922-8804

## ਮੈਨੂੰ ਜ਼ਿਆਦਾ ਮਦਦ ਕਿੱਥੋਂ ਮਿਲ ਸਕਦੀ ਹੈ?

ਤੁਸੀਂ ਇਨ੍ਹਾਂ ਵਿੱਚੋਂ ਕਿਸੇ ਵੀ ਥਾਂ ਵਿਚਲੇ ਕਿਸੇ ਵਰਕਰਜ਼' ਜਾਂ ਇਮਪਲੌਏਅਰਜ਼' ਐਡਵਾਈਜ਼ਰ ਤੋਂ ਅਪੀਲ ਦੇ ਸੰਬੰਧ ਵਿਚ ਮੁਫਤ ਮਦਦ ਲੈ ਸਕਦੇ ਹੋ:

### ਵਰਕਰਜ਼' ਐਡਵਾਈਜ਼ਰਜ਼

*ਵੈੱਬਸਾਈਟ:* www.labour.gov.bc.ca/wab

#### ਵੈਨਕੂਵਰ/ਲੋਅਰ ਮੇਨਲੈਂਡ ਦਾ ਇਲਾਕਾ

**ਐਬਟਸਫੋਰਡ**
204 - 32555 Simon Avenue
Abbotsford, BC V2T 4Y2
*ਟੈਲੀਫੋਨ:* 604 870-5488
*ਫੈਕਸ:* 604 870-5494
*ਬੀ ਸੀ ਵਿਚ ਟੋਲ ਫ੍ਰੀ:*
1 888 295-7781

**ਰਿਚਮੰਡ**
500 - 8100 Granville Avenue
Richmond, BC V6Y 3T6
*ਟੈਲੀਫੋਨ:* 604 713-0360
*ਫੈਕਸ:* 604 713-0311
*ਬੀ ਸੀ ਵਿਚ ਟੋਲ ਫ੍ਰੀ:*
1 800 663-4261

#### ਵੈਨਕੂਵਰ ਆਈਲੈਂਡ ਦਾ ਇਲਾਕਾ

**ਕੈਂਬਲ ਰਿਵਰ**
205 -1040 Shoppers Row
Campbell River, BC V9W 2C6
*ਟੈਲੀਫੋਨ:* 250 830-6526
*ਫੈਕਸ:* 250 830-6528
*ਬੀ ਸੀ ਵਿਚ ਟੋਲ ਫ੍ਰੀ:*
1 888 643-0013

**ਨਨਾਇਮੋ**
504 - 495 Dunsmuir Street
Nanaimo, BC V9R 6B9
*ਟੈਲੀਫੋਨ:* 250 741-5504
*ਫੈਕਸ:* 250 741-5516
*ਬੀ ਸੀ ਵਿਚ ਟੋਲ ਫ੍ਰੀ:*
1 800 668-2117

**ਵਿਕਟੋਰੀਆ**
403 - 3960 Quadra Street
Victoria, BC V8X 4A3
*ਟੈਲੀਫੋਨ:* 250 952-4393
*ਫੈਕਸ:* 250 952-4399
*ਬੀ ਸੀ ਵਿਚ ਟੋਲ ਫ੍ਰੀ:*
1 800 661-4066

#### ਇਨਟੀਰੀਅਰ ਦਾ ਇਲਾਕਾ

**ਕੈਮਲੂਪਸ**
102 - 70 Second Avenue
Kamloops, BC V2C 6W2
*ਟੈਲੀਫੋਨ:* 250 371-3860
*ਫੈਕਸ:* 250 371-3820
*ਬੀ ਸੀ ਵਿਚ ਟੋਲ ਫ੍ਰੀ:*
1 800 663-6695

**ਕਲੋਨਾ**
101 - 1726 Dolphin Avenue
Kelowna, BC V1Y 9R9
*ਟੈਲੀਫੋਨ:* 250 717-2096
*ਫੈਕਸ:* 250 717-2010
*ਬੀ ਸੀ ਵਿਚ ਟੋਲ ਫ੍ਰੀ:*
1 866 881-1188

**ਨੈਲਸਨ**
310 Ward Street
Second Floor
Nelson, BC V1L 5S4
*ਟੈਲੀਫੋਨ:* 250 354-6933
*ਫੈਕਸ:* 250 354-6944
*ਬੀ ਸੀ ਵਿਚ ਟੋਲ ਫ੍ਰੀ:*
1 866 354-6933

**ਪ੍ਰਿੰਸ ਜੌਰਜ**
208 -1577 7th Avenue
Prince George, BC V2L 3P5
*ਟੈਲੀਫੋਨ:* 250 565-4280
*ਫੈਕਸ:* 250 565-4283
*ਬੀ ਸੀ ਵਿਚ ਟੋਲ ਫ੍ਰੀ:*
1 800 263-6066



### ਇਮਪਲੌਏਅਰਜ਼' ਐਡਵਾਈਜ਼ਰਜ਼

*ਵੈੱਬਸਾਈਟ:* www.labour.gov.bc.ca/eao

#### ਵੈਨਕੂਵਰ/ਲੋਅਰ ਮੇਨਲੈਂਡ ਦਾ ਇਲਾਕਾ

**ਐਬਟਸਫੋਰਡ**
207 - 32555 Simon Avenue
Abbotsford, BC V2T 4Y2
*ਟੈਲੀਫੋਨ:* 604 870-5492
*ਫੈਕਸ:* 604 870-5498
*ਬੀ ਸੀ ਅਤੇ ਅਲਬਰਟਾ ਵਿਚ ਟੋਲ ਫ੍ਰੀ:* 1 866 870-5492

**ਰਿਚਮੰਡ**
620 - 8100 Granville Avenue
Richmond, BC V6Y 3T6
*ਟੈਲੀਫੋਨ:* 604 713-0303
*ਫੈਕਸ:* 604 713-0345
*ਬੀ ਸੀ ਅਤੇ ਅਲਬਰਟਾ ਵਿਚ ਟੋਲ ਫ੍ਰੀ:* 1 800 925-2233

#### ਵੈਨਕੂਵਰ ਆਈਲੈਂਡ ਦਾ ਇਲਾਕਾ

**ਨਨਾਇਮੋ**
404 - 495 Dunsmuir Street
Nanaimo, BC V9R 6B9
*ਟੈਲੀਫੋਨ:* 250 741-5500
*ਫੈਕਸ:* 250 741-5508
*ਬੀ ਸੀ ਅਤੇ ਅਲਬਰਟਾ ਵਿਚ ਟੋਲ ਫ੍ਰੀ:* 1 866 827-2277

**ਵਿਕਟੋਰੀਆ**
400 - 3960 Quadra Street
Quadra Centre
Victoria, BC V8X 4A8
*ਟੈਲੀਫੋਨ:* 250 952-4821
*ਫੈਕਸ:* 250 952-4822
*ਬੀ ਸੀ ਅਤੇ ਅਲਬਰਟਾ ਵਿਚ ਟੋਲ ਫ੍ਰੀ: 1800 663-8783*

#### ਇਨਟੀਰੀਅਰ ਦਾ ਇਲਾਕਾ

**ਕੈਮਲੂਪਸ**
101 - 70 Second Avenue
Kamloops, BC V2C 6W2
*ਟੈਲੀਫੋਨ:* 250 828-4397
*ਫੈਕਸ:* 250 828-4563
*ਬੀ ਸੀ ਅਤੇ ਅਲਬਰਟਾ ਵਿਚ ਟੋਲ ਫ੍ਰੀ:* 1 866 301-6688

**ਕਲੋਨਾ**
102 - 1726 Dolphin Avenue
Kelowna, BC V1Y 9R9
*ਟੈਲੀਫੋਨ:* 250 717-2050
*ਫੈਕਸ:* 250 717-2051
*ਬੀ ਸੀ ਅਤੇ ਅਲਬਰਟਾ ਵਿਚ ਟੋਲ ਫ੍ਰੀ:* 1 866 855-7575

**ਪ੍ਰਿੰਸ ਜੌਰਜ**
206 - 1577 7th Avenue
Prince George, BC V2L 3P5
*ਟੈਲੀਫੋਨ:* 250 565-4285
*ਫੈਕਸ:* 250 565-4288
*ਬੀ ਸੀ ਅਤੇ ਅਲਬਰਟਾ ਵਿਚ ਟੋਲ ਫ੍ਰੀ:* 1 888 608-8882

**ਟਰੇਲ**
1050 Eldorado Street
Trail, BC V1R 3V7
*ਟੈਲੀਫੋਨ:* 250 364-0730
*ਫੈਕਸ:* 250 364-0731
*ਬੀ ਸੀ ਅਤੇ ਅਲਬਰਟਾ ਵਿਚ ਟੋਲ ਫ੍ਰੀ:* 1 877 877-5524

## ਡਬਲਯੂ ਸੀ ਏ ਟੀ ਦੀਆਂ ਜਾਣਕਾਰੀ ਦੇਣ ਵਾਲੀਆਂ ਗਾਈਡਾਂ

*ਰਿਵੀਉ ਡਿਵੀਜ਼ਨ ਦੇ ਕਿਸੇ ਫੈਸਲੇ ਵਿਰੁੱਧ ਅਪੀਲ ਕਰਨ ਲਈ ਵਰਕਰ ਦੀ ਗਾਈਡ**

*ਰਿਵੀਉ ਡਿਵੀਜ਼ਨ ਦੇ ਕਿਸੇ ਫੈਸਲੇ ਵਿਰੁੱਧ ਅਪੀਲ ਕਰਨ ਲਈ ਇਮਪਲੌਏਅਰ ਦੀ ਗਾਈਡ**

*ਉੱਤਰਦਾਇਕ ਦੀ ਗਾਈਡ**

*ਜ਼ਬਾਨੀ ਸੁਣਵਾਈ ਬਾਰੇ ਗਾਈਡ**

*ਲਿਖਤੀ ਦਲੀਲਾਂ ਦੇਣ ਬਾਰੇ ਗਾਈਡ**

*ਡਾਕਟਰੀ ਸਬੂਤਾਂ ਬਾਰੇ ਗਾਈਡ**

*ਫੈਸਲੇ ਤੋਂ ਬਾਅਦ ਲਈ ਗਾਈਡ**

* ਇਹ ਗਾਈਡਾਂ ਸਾਡੇ ਵੈੱਬਸਾਈਟ 'ਤੇ ਪੰਜਾਬੀ, ਚਾਇਨੀਜ਼ (ਟ੍ਰਾਡੀਸ਼ਨਲ) ਅਤੇ ਚਾਇਨੀਜ਼ (ਸਿੰਪਲੀਫਾਇਡ) ਵਿਚ ਵੀ ਮਿਲਦੀਆਂ ਹਨ।

## ਡਬਲਯੂ ਸੀ ਏ ਟੀ ਨਾਲ ਸੰਪਰਕ ਕਰਨ ਬਾਰੇ ਜਾਣਕਾਰੀ

ਚਿੱਠੀ-ਪੱਤਰ ਲਈ ਐਡਰੈਸ:
Workers' Compensation Appeal Tribunal
150 – 4600 Jacombs Road
Richmond, BC V6V 3B1

ਟੈਲੀਫੋਨ: 604 664-7800
ਫੈਕਸ: 604 664-7898
ਬੀ ਸੀ ਵਿਚ ਟੋਲ ਫ੍ਰੀ: 1 800 663-2782

ਵੈੱਬਸਾਈਟ: www.wcat.bc.ca

ਜੇ ਤੁਹਾਡੇ ਕੋਲ ਸਮਾਰਟ ਫੋਨ ਹੈ ਤਾਂ ਸਾਡੇ ਵੈੱਬਸਾਈਟ ਤੱਕ ਪਹੁੰਚ ਕਰਨ ਲਈ ਇਹ ਕੋਡ ਸਕੈਨ ਕਰੋ।

WCAT Workers' Compensation Appeal Tribunal



Revised February 2012